# ਸੰਥਿਆ ਸ੍ਰੀ ਰਹਿਰਾਸ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ੧ੴ ਸਤਿਗੁਰਪ੍ਰਸਾਦਿ ॥ | | |
| ਸੋ ਦਰੁ, ਰਾਗੁ ਆਸਾ, ਮਹਲਾ ੧ | | ਸੋ ਦਰੁ ਸੰਗ੍ਰਹਿ ਦੇ ਕੁੱਲ ੫ ਸ਼ਬਦ ਹਨ। |
| ਸੋ ਦਰੁ ਤੇਰਾ ਕੇਹਾ, ਸੋ ਘਰੁ ਕੇਹਾ, ਜਿਤੁ ਬਹਿ, ਸਰਬ ਸਮਾਲੇ ॥ | ਸਮਾਲੇਂ | ਸਮਾਲੇ: ਤੂੰ ਸਮਾਲਦਾ ਹੈਂ। |
| ਵਾਜੇ ਤੇਰੇ ਨਾਦ ਅਨੇਕ ਅਸੰਖਾ, ਕੇਤੇ ਤੇਰੇ ਵਾਵਣਹਾਰੇ ॥ | | |
| ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ, ਕੇਤੇ ਤੇਰੇ ਗਾਵਣਹਾਰੇ ॥ | ਕਹੀਅਹਿਂ | |
| ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ, ਗਾਵੈ ਰਾਜਾ ਧਰਮੁ ਦੁਆਰੇ ॥ | | |
| ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ, ਲਿਖਿ ਲਿਖਿ ਧਰਮੁ ਬੀਚਾਰੇ ॥ ੩ | | |
| ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ, ਸੋਹਨਿ ਤੇਰੇ ਸਦਾ ਸਵਾਰੇ ॥ | ਈਸ਼ਰ | |
| ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ, ਦੇਵਤਿਆ ਦਰਿ ਨਾਲੇ ॥ | ਦੇਵਤਿਆਂ | |
| ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ, ਗਾਵਨਿ ਤੁਧਨੋ ਸਾਧ ਬੀਚਾਰੇ ॥ | | |
| ਗਾਵਨਿ ਤੁਧਨੋ ਜਤੀ ਸਤੀ ਸੰਤੋਖੀ, ਗਾਵਨਿ ਤੁਧਨੋ ਵੀਰ ਕਰਾਰੇ ॥ | | |
| ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ, ਜੁਗੁ ਜੁਗੁ ਵੇਦਾ ਨਾਲੇ ॥ | ਰਖੀਸ਼ੁਰ, ਵੇਦਾਂ | ੧. ਰਖੀਸਰ – ਰਿਖੀ–ਈਸ਼ਰ ਭਾਵ ਵੱਡੇ ਰਿਖੀ।<br>੨. ਵੇਦਾਂ – ਵੇਦਾਂ ਸਹਿਤ |
| ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ, ਸੁਰਗੁ ਮਛੁ ਪਇਆਲੇ ॥ | ਮੋਹਣੀਆਂ | |
| ਗਾਵਨਿ ਤੁਧਨੋ ਰਤਨ ਉਪਾਏ ਤੇਰੇ, ਅਠਸਠਿ ਤੀਰਥ ਨਾਲੇ ॥ | | |
| ਗਾਵਨਿ ਤੁਧਨੋ ਜੋਧ ਮਹਾਬਲ ਸੂਰਾ, ਗਾਵਨਿ ਤੁਧਨੋ ਖਾਣੀ ਚਾਰੇ ॥ | | |
| ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ, ਕਰਿ ਕਰਿ ਰਖੇ ਤੇਰੇ ਧਾਰੇ ॥ | | |
| ਸੇਈ ਤੁਧਨੋ ਗਾਵਨਿ, ਜੋ ਤੁਧੁ ਭਾਵਨਿ, ਰਤੇ ਤੇਰੇ ਭਗਤ ਰਸਾਲੇ ॥ | | ਅਸਲ ਵਿਚ ਉਹ ਹੀ ਉਸ ਨੂੰ ਗਾਉਂਦੇ ਹਨ ਜੋ ਉਸ ਨੂੰ ਭਾਉਂਦੇ ਹਨ। |
| ਹੋਰਿ ਕੇਤੇ ਤੁਧਨੋ ਗਾਵਨਿ, ਸੇ ਮੈ ਚਿਤਿ ਨ ਆਵਨਿ, ਨਾਨਕੁ ਕਿਆ ਬੀਚਾਰੇ ॥ | ਮੈਂ | ਹੋਰ ਮਨ ਉਕਤ ਗਾਉਣੀਆਂ (ਜਿਵੇਂ ਉਪਰ ਦੱਸ ਆਏ ਹਨ) ਬਥੇਰੇ ਕਰਦੇ ਹਨ ਪਰ ਉਹ ਸਤਿਗੁਰਾਂ ਦੇ ਚਿਤ ਨਹੀਂ ਆਉਂਦੇ, ਉਹਨਾਂ ਬਾਰੇ ਸਤਿਗੁਰ ਜੀ ਕੀ ਵਿਚਾਰ ਕਰਨ। |
| ਸੋਈ ਸੋਈ ਸਦਾ ਸਚੁ ਸਾਹਿਬੁ, ਸਾਚਾ, ਸਾਚੀ ਨਾਈ ॥ | | |
| ਹੈ, ਭੀ, ਹੋਸੀ, ਜਾਇ ਨ ਜਾਸੀ, ਰਚਨਾ ਜਿਨਿ ਰਚਾਈ ॥ | | ਹੈ – ਹੁਣ ਵੀ ਹੈ; ਭੀ – ਪਹਿਲਾਂ ਵੀ ਸੀ; ਹੋਸੀ – ਅਗੇ ਨੂੰ ਵੀ ਹੋਵੇਗਾ; ਜਾਇ ਨ ਜਾਸੀ – ਜੰਮਦਾ ਹੈ ਨਾ ਮਰਦਾ ਹੈ। |
| ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ, ਮਾਇਆ ਜਿਨਿ ਉਪਾਈ ॥ | ਭਾਂਤੀਂ, ਜਿਨਸੀਂ | ਉਸਨੇ ਰੰਗ ਰੰਗ ਦੀ ਤੇ ਭਾਂਤਿ ਭਾਂਤਿ ਦੀ ਜਿਨਸੀ ਕਰ ਕਰ ਕੇ, ਮਾਇਆ ਉਪਾਈ ਹੈ। |

# ਸੰਥਿਆ ਸ੍ਰੀ ਰਹਿਰਾਸ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਕਰਿ ਕਰਿ ਦੇਖੈ ਕੀਤਾ ਆਪਣਾ, ਜਿਉ ਤਿਸ ਦੀ ਵਡਿਆਈ ॥ | ਜਿਉਂ | |
| ਜੋ ਤਿਸੁ ਭਾਵੈ, ਸੋਈ ਕਰਸੀ, ਫਿਰਿ, ਹੁਕਮੁ ਨ ਕਰਣਾ ਜਾਈ ॥ | | |
| ਸੋ ਪਾਤਿਸਾਹੁ, ਸਾਹਾ ਪਤਿਸਾਹਿਬੁ, ਨਾਨਕ, ਰਹਣੁ ਰਜਾਈ ॥੧॥ | ਪਾਤਿਸ਼ਾਹੁ, ਸ਼ਾਹਾਂ, ਰਜ਼ਾਈ | ਉਹ ਪਾਤਿਸ਼ਾਹ (ਰਾਜਾ) ਹੈ, ਤੇ ਸ਼ਾਹਾਂ ਪਾਤਿਸ਼ਾਹਾਂ ਦੀ ਭੀ ਸਾਹਿਬ (ਮਾਲਿਕ) ਹੈ; ਤਾਂ ਤੇ ਉਸਦੀ ਰਜ਼ਾ ਵਿਚ ਹੀ ਰਹਿਣਾ ਚਾਹੀਦਾ ਹੈ। |
| **ਆਸਾ ਮਹਲਾ ੧ ॥** | | |
| ਸੁਣਿ, ਵਡਾ ਆਖੈ ਸਭੁ ਕੋਇ ॥ | | ਸੁਣਿ ਕੇ ਤਾਂ ਸਭ ਕੋਈ ਉਸ ਨੂੰ ਵੱਡਾ ਆਖਦਾ ਹੈ। |
| ਕੇਵਡੁ ਵਡਾ, ਡੀਠਾ ਹੋਇ ॥ | | ਉਹ ਕਿੱਡਾ ਵੱਡਾ ਹੈ, ਇਹ ਦੇਖਿਆਂ ਹੀ ਪਤਾ ਲਗਦਾ ਹੈ। |
| ਕੀਮਤਿ ਪਾਇ ਨ ਕਹਿਆ ਜਾਇ ॥ | | ੧. '"ਨ" ਇਥੇ ਦੇਹਲੀ ਦੀਪਕ ਹੈ।<br>੨. ਪੰਕਤੀ ਦਾ ਭਾਵ ਹੈ – ਨਾ ਉਸਦੀ ਕੀਮਤਿ ਪਾਈ ਜਾ ਸਕਦੀ ਹੈ ਤੇ ਨਾ ਉਸ ਨੂੰ ਬਿਆਨ ਕੀਤਾ ਜਾ ਸਕਦਾ ਹੈ। |
| ਕਹਣੈ ਵਾਲੇ ਤੇਰੇ, ਰਹੇ ਸਮਾਇ ॥੧॥ | | |
| ਵਡੇ ਮੇਰੇ ਸਾਹਿਬਾ, ਗਹਿਰ ਗੰਭੀਰਾ, ਗੁਣੀ ਗਹੀਰਾ ॥ | | |
| ਕੋਇ ਨ ਜਾਣੈ, ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ | | ਇਸ ਪੰਕਤੀ ਵਿਚ "ਤੇਰਾ" ਦਾ ਸੰਬੰਧ "ਚੀਰਾ" ਨਾਲ ਹੈ ਤੇ ਪੰਕਤੀ ਦਾ ਭਾਵ ਹੈ - ਕੋਈ ਨਹੀਂ ਜਾਣਦਾ ਕਿ ਤੇਰਾ ਚੀਰਾ ਕੇਵਡ ਹੈ ਤੇ ਕੇਤਾ ਹੈ? |
| ਸਭਿ ਸੁਰਤੀ ਮਿਲਿ, ਸੁਰਤਿ ਕਮਾਈ ॥ | ਸੁਰਤੀਂ | |
| ਸਭ ਕੀਮਤਿ ਮਿਲਿ, ਕੀਮਤਿ ਪਾਈ ॥ | | ਪ੍ਰਥਮ "ਕੀਮਤਿ" ਦਾ ਭਾਵ ਹੈ ਕੀਮਤਿ ਪਾਉਣ ਵਾਲੇ (ਇਹ ਸ਼ਬਦ ਵਿਸ਼ੇਸ਼ਣ ਹੈ) ਤੇ ਦੁਤੀਆ "ਕੀਮਤਿ" ਦਾ ਭਾਵ ਹੈ ਕੀਮਤਿ (ਇਹ ਸ਼ਬਦ ਨਾਂਵ) |
| ਗਿਆਨੀ, ਧਿਆਨੀ, ਗੁਰ ਗੁਰਹਾਈ ॥ | | |
| ਕਹਣੁ ਨ ਜਾਈ, ਤੇਰੀ ਤਿਲੁ ਵਡਿਆਈ ॥੨॥ | | |
| ਸਭਿ ਸਤ, ਸਭਿ ਤਪ, ਸਭਿ ਚੰਗਿਆਈਆ ॥ | ਚੰਗਿਆਈਆਂ | |
| ਸਿਧਾ ਪੁਰਖਾ ਕੀਆ ਵਡਿਆਈਆ ॥ | ਸਿਧਾਂ, ਪੁਰਖਾਂ, ਕੀਆਂ ਵਡਿਆਈਆਂ | |

# ਸੰਥਿਆ ਸ੍ਰੀ ਰਹਿਰਾਸ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਤੁਧੁ ਵਿਣੁ, ਸਿਧੀ ਕਿਨੈ ਨ ਪਾਈਆ ॥ | | ੧. "ਸਿਧੀ' ਇਥੇ ਇਕ ਵਚਨ ਨਾਂਵ ਹੈ ਤੇ ਇਸਦਾ ਉਚਾਰਨ "ਸਿਧੀਂ" ਨਹੀਂ ਹੈ।<br>੨. "ਪਾਈਆ" ਦਾ ਉਚਾਰਨ "ਪਾਈਆਂ" ਨਹੀਂ ਹੈ। |
| ਕਰਮਿ ਮਿਲੈ, ਨਾਹੀ ਠਾਕਿ ਰਹਾਈਆ ॥੩॥ | ਨਾਹੀਂ | ੧. "ਰਹਾਈਆ" ਦਾ ਉਚਾਰਨ "ਰਹਾਈਆਂ" ਨਹੀਂ ਹੈ।<br>੨. ਕਈ ਦਾਨਿਆਂ ਦਾ ਵਿਚਾਰ ਹੈ ਕਿ ਪਹਿਲੀ ਪੰਕਤੀ ਵਿਚ "ਸਿਧੀ" ਬਹੁਵਚਨ ਹੈ ਪਰ ਇਸ ਪੰਕਤੀ ਵਿਚ ਇਸ ਨਾਲ ਸੰਬੰਧਤ ਕਿਰਿਆ "ਮਿਲੈ" ਹੈ ਜਿਸ ਤੋਂ ਸਾਬਤ ਹੈ ਕਿ "ਸਿਧੀ" ਇਕ-ਵਚਨ ਹੈ। ਜੇ "ਸਿਧੀ" ਬਹੁਵਚਨ ਸ਼ਬਦ ਹੁੰਦਾ ਤਾਂ "ਮਿਲੈ" ਦੀ ਥਾਂ ਤੇ "ਮਿਲਹਿ" ਸ਼ਬਦ ਹੋਣਾ ਸੀ। |
| ਆਖਣ ਵਾਲਾ ਕਿਆ ਵੇਚਾਰਾ ॥ | | |
| ਸਿਫਤੀ ਭਰੇ ਤੇਰੇ ਭੰਡਾਰਾ ॥ | ਸਿਫਤੀਂ | ਪੰਕਤੀ ਦਾ ਭਾਵ ਹੈ - ਤੇਰੇ ਭੰਡਾਰੇ ਸਿਫਤਾਂ (ਰੂਪੀ ਅਮੋਲਕ ਪਦਾਰਥ) ਨਾਲ ਭਰੇ ਹਨ ਭਾਵ ਸਿਫਤਾਂ ਨਾਲ ਭਰੇ ਹਨ ਤੇਰੇ ਭੰਡਾਰੇ। |
| ਜਿਸੁ ਤੂ ਦੇਹਿ, ਤਿਸੈ ਕਿਆ ਚਾਰਾ ॥ | ਦੇਹਿਂ | ਜਿਸਨੂੰ ਤੂੰ ਦਾਤਿ ਦੇਵੇਂ ਉਸ ਨੂੰ ਮਿਲਦੀ ਹੈ ਵਰਨਾ ਇਸ ਦਾਤਿ ਤੇ ਕਿਸੇ ਦਾ ਕੀ ਜ਼ੋਰ ਜਾਂ ਚਾਰਾ? ਭਾਵ ਕੋਈ ਚਾਰਾ ਨਹੀਂ ਹੈ। |
| ਨਾਨਕ, ਸਚੁ ਸਵਾਰਣਹਾਰਾ ॥੪॥੨॥ | | ਉਹ ਸਚ ਰੂਪ ਹੈ ਤੇ ਸਵਾਰਣਹਾਰਾ ਹੈ। "ਸਚ" ਇਥੇ "ਸਵਾਰਣਹਾਰਾ" ਦਾ ਵਿਸ਼ੇਸ਼ਣ ਨਹੀਂ ਹੈ ਬਲਕਿ ਖੁਦ ਨਾਂਵ ਹੈ। |
| ਆਸਾ ਮਹਲਾ ੧ ॥ | | |
| ਆਖਾ ਜੀਵਾ, ਵਿਸਰੈ ਮਰਿ ਜਾਉ ॥ | ਆਖਾਂ, ਜੀਵਾਂ, ਜਾਉਂ | ੧. ਨਾਸਕੀ ਉਚਾਰਨ ਕਿਉਂਕਿ ਤਿਨੇ ਉਤਮ ਪੁਰਖ ਕਿਰਿਆਵਾਂ ਹਨ<br>੨. ਜੇ ਮੈਂ ਨਾਮ ਆਖਾਂ ਤਾਂ ਜੀਂਵਦਾ ਹਾਂ, ਨਹੀਂ ਤਾਂ ਮਰ ਜਾਂਦਾ ਹਾਂ। |
| ਆਖਣਿ ਅਉਖਾ, ਸਾਚਾ ਨਾਉ ॥ | ਨਾਉਂ | |
| ਸਾਚੇ ਨਾਮ ਕੀ, ਲਾਗੈ ਭੂਖ ॥ | | |

# ਸੰਥਿਆ ਸ੍ਰੀ ਰਹਿਰਾਸ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਉਤੁ ਭੁਖੈ ਖਾਇ, ਚਲੀਅਹਿ ਦੂਖ ॥੧॥ | ਚਲੀਅਹਿੰ | ਨਾਮ ਦੀ ਭੁਖ ਲਗਣ ਕਰਕੇ, ਖਾਣ ਦੇ ਕਾਰਨ, ਦੁਖ ਚਲੇ ਜਾਂਦੇ ਹਨ ਭਾਵ ਨਾਮ ਦੀ ਭੁਖ ਮਿਟਾਉਣ ਲਈ ਜਦੋਂ ਨਾਮ ਜਪੀਦਾ ਹੈ ਤਾਂ ਦੁਖਾਂ ਦਾ ਨਾਸ ਹੁੰਦਾ ਹੈ। |
| ਸੋ ਕਿਉ ਵਿਸਰੈ, ਮੇਰੀ ਮਾਇ ॥ | ਕਿਉਂ | |
| ਸਾਚਾ ਸਾਹਿਬੁ, ਸਾਚੈ ਨਾਇ ॥੧॥ ਰਹਾਉ ॥ | ਨਾਇੰ | |
| ਸਾਚੇ ਨਾਮ ਕੀ ਤਿਲੁ ਵਡਿਆਈ ॥ | | |
| ਆਖਿ ਥਕੇ, ਕੀਮਤਿ ਨਹੀ ਪਾਈ ॥ | | |
| ਜੇ ਸਭਿ ਮਿਲਿ ਕੈ ਆਖਣ ਪਾਹਿ ॥ | ਪਾਹਿੰ | ਨਾਸਕੀ ਉਚਾਰਨ – ਅਨ ਪੁਰਖ ਬਹੁਵਚਨ ਕਿਰਿਆ |
| ਵਡਾ ਨ ਹੋਵੈ, ਘਾਟਿ ਨ ਜਾਇ ॥੨॥ | | |
| ਨਾ ਓਹੁ ਮਰੈ, ਨ ਹੋਵੈ ਸੋਗੁ ॥ | | |
| ਦੇਦਾ ਰਹੈ, ਨ ਚੂਕੈ ਭੋਗੁ ॥ | ਦੇਂਦਾ | |
| ਗੁਣੁ ਏਹੋ, ਹੋਰੁ ਨਾਹੀ ਕੋਇ ॥ | ਨਾਹੀਂ | |
| ਨਾ ਕੋ ਹੋਆ, ਨਾ ਕੋ ਹੋਇ ॥੩॥ | | |
| ਜੇਵਡੁ ਆਪਿ, ਤੇਵਡ ਤੇਰੀ ਦਾਤਿ ॥ | | |
| ਜਿਨਿ ਦਿਨੁ ਕਰਿ ਕੈ, ਕੀਤੀ ਰਾਤਿ ॥ | | |
| ਖਸਮੁ ਵਿਸਾਰਹਿ, ਤੇ ਕਮਜਾਤਿ ॥ | ਵਿਸਾਰਹਿੰ, ਕਮਜ਼ਾਤਿ | ੧. ਨਾਸਕੀ ਉਚਾਰਨ – ਅਨ ਪੁਰਖ ਬਹੁਵਚਨ ਕਿਰਿਆ।<br>੨. ਜੋ ਖਸਮ ਵਿਸਾਰਦੇ ਹਨ ਉਹ ਕਮਜਾਤਿ ਹਨ। |
| ਨਾਨਕ, ਨਾਵੈ ਬਾਝੁ ਸਨਾਤਿ ॥੪॥੩॥ | | |
| **ਰਾਗੁ ਗੂਜਰੀ ਮਹਲਾ ੪ ॥** | | |
| ਹਰਿ ਕੇ ਜਨ, ਸਤਿਗੁਰ, ਸਤਪੁਰਖਾ, ਬਿਨਉ ਕਰਉ ਗੁਰ ਪਾਸਿ ॥ | ਕਰਉਂ | ਨਾਸਕੀ ਉਚਾਰਨ –ਉਤਮ ਪੁਰਖ ਕਿਰਿਆ। |
| ਹਮ ਕੀਰੇ ਕਿਰਮ, ਸਤਿਗੁਰ ਸਰਣਾਈ, ਕਰਿ ਦਇਆ, ਨਾਮੁ ਪਰਗਾਸਿ ॥੧॥ | ਪਰਗਾਸ਼ਿ | ੧. ਪਰਗਾਸਿ – ਪ੍ਰਕਾਸ਼ ਤੋਂ ਬਣਿਆ ਸ਼ਬਦ ਹੈ।<br>੨. ਪਰਗਾਸਿ ਕਿਰਿਆ ਵਾਚੀ ਸ਼ਬਦ ਹੈ ਤੇ ਪਿਛਲੀ ਅਧ ਪੰਕਤੀ ਦਾ ਭਾਵ ਹੈ, "ਦਇਆ ਕਰਕੇ, ਨਾਮੁ ਪਰਕਾਸ਼ੋ"। ਕਈ ਇਸ ਦਾ ਅਰਥ ਲਾਉਂਦੇ ਹਨ – ਨਾਮ ਦਾ ਪ੍ਰਕਾਸ਼ ਕਰੋ ਜੋ ਕਿ ਠੀਕ ਨਹੀਂ ਹੈ ਕਿਉਂਕਿ "ਨਾਮੁ" ਦੇ ਅਖੀਰ ਵਿਚ ਔਂਕੜ ਲਗਿਆ ਹੋਇਆ ਹੈ। ਸੋ "ਨਾਮੁ ਪਰਗਾਸਿ" ਦਾ ਅਰਥ ਹੈ ਨਾਮ ਪ੍ਰਕਾਸ਼ੋ ਨਾ ਕਿ ਨਾਮ ਦਾ ਪ੍ਰਕਾਸ਼ ਕਰੋ। |

# ਸੰਥਿਆ ਸ੍ਰੀ ਰਹਿਰਾਸ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਮੇਰੇ ਮੀਤ ਗੁਰਦੇਵ, ਮੋਕਉ ਰਾਮ ਨਾਮੁ ਪਰਗਾਸਿ ॥ | ਪਰਗਾਸ਼ਿ | ਪਰਗਾਸਿ – ਪ੍ਰਕਾਸ਼ ਤੋਂ ਬਣਿਆ ਕਿਰਿਆਵਾਚੀ ਸ਼ਬਦ ਹੈ। |
| ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ, ਹਰਿ ਕੀਰਤਿ, ਹਮਰੀ ਰਹਰਾਸਿ ॥੧॥ ਰਹਾਉ ॥ | | |
| ਹਰਿ ਜਨ ਕੇ ਵਡਭਾਗ ਵਡੇਰੇ, ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥ | ਸ਼ਰਧਾ | |
| ਹਰਿ ਹਰਿ ਨਾਮੁ ਮਿਲੈ, ਤ੍ਰਿਪਤਾਸਹਿ, ਮਿਲਿ ਸੰਗਤਿ, ਗੁਣ ਪਰਗਾਸਿ ॥੨॥ | ਤ੍ਰਿਪਤਾਸਹਿਂ, ਪਰਗਾਸ਼ਿ | ੧. ਤ੍ਰਿਪਤਾਸਹਿ – ਅਨਪੁਰਖ ਬਹੁਵਚਨ ਕਿਰਿਆ।<br>੨. ਪਰਗਾਸਿ – ਪ੍ਰਕਾਸ਼ ਤੋਂ ਬਣਿਆ ਕਿਰਿਆਵਾਚੀ ਸ਼ਬਦ ਹੈ। |
| ਜਿਨ, ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ, ਤੇ ਭਾਗਹੀਣ, ਜਮ ਪਾਸਿ ॥ | | ਜਿਨਾਂ ਨੇ ਹਰਿ-ਰਸ ਰੂਪੀ ਨਾਮ ਨਹੀਂ ਪਾਇਆ, ਉਹ ਜਮਾਂ ਦੇ ਵਸਿ ਪੈਂਦੇ ਹਨ। |
| ਜੋ, ਸਤਿਗੁਰ ਸਰਣਿ, ਸੰਗਤਿ ਨਹੀ ਆਏ, ਧ੍ਰਿਗੁ ਜੀਵੇ, ਧ੍ਰਿਗੁ ਜੀਵਾਸਿ ॥੩॥ | ਸ਼ਰਣਿ | |
| ਜਿਨ ਹਰਿ ਜਨ, ਸਤਿਗੁਰ ਸੰਗਤਿ ਪਾਈ, ਤਿਨ, ਧੁਰਿ ਮਸਤਕਿ ਲਿਖਿਆ ਲਿਖਾਸਿ ॥ | | |
| ਧਨੁ ਧੰਨੁ ਸਤਸੰਗਤਿ, ਜਿਤੁ ਹਰਿ ਰਸੁ ਪਾਇਆ, ਮਿਲਿ ਜਨ ਨਾਨਕ, ਨਾਮੁ ਪਰਗਾਸਿ ॥੪॥੪॥ | ਪਰਗਾਸ਼ਿ | ਪਰਗਾਸਿ – ਪ੍ਰਕਾਸ਼ ਤੋਂ ਬਣਿਆ ਕਿਰਿਆਵਾਚੀ ਸ਼ਬਦ ਹੈ। |
| **ਰਾਗੁ ਗੂਜਰੀ ਮਹਲਾ ੫ ॥** | | |
| ਕਾਹੇ, ਰੇ ਮਨ, ਚਿਤਵਹਿ ਉਦਮੁ, ਜਾ, ਆਹਰਿ ਹਰਿ ਜੀਉ ਪਰਿਆ ॥ | ਚਿਤਵਹਿਂ, ਜਾਂ | ੧. ਚਿਤਵਹਿ – ਮਧਮ ਪੁਰਖ ਕਿਰਿਆ<br>੨. ਜਾ – ਜਦ ਕਿ, ਚੂੰਕਿ। |
| ਸੈਲ ਪਥਰ ਮਹਿ ਜੰਤ ਉਪਾਏ, ਤਾ ਕਾ ਰਿਜਕੁ, ਆਗੈ ਕਰਿ ਧਰਿਆ ॥੧॥ | ਰਿਜ਼ਕੁ | |
| ਮੇਰੇ ਮਾਧਉ ਜੀ, ਸਤਸੰਗਤਿ ਮਿਲੇ, ਸੁ ਤਰਿਆ ॥ | | |
| ਗੁਰਪਰਸਾਦਿ, ਪਰਮ ਪਦੁ ਪਾਇਆ, ਸੂਕੇ ਕਾਸਟ ਹਰਿਆ ॥੧॥ ਰਹਾਉ ॥ | ਕਾਸ਼ਟ | ਕਾਸ਼ਟ – ਲਕੜੀ |
| ਜਨਨਿ, ਪਿਤਾ, ਲੋਕ, ਸੁਤ, ਬਨਿਤਾ, ਕੋਇ ਨ ਕਿਸ ਕੀ ਧਰਿਆ ॥ | | |
| ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ, ਕਾਹੇ ਮਨ, ਭਉ ਕਰਿਆ ॥੨॥ | ਰਿਜ਼ਕੁ | |

# ਸੰਥਿਆ ਸ੍ਰੀ ਰਹਿਰਾਸ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਉਡੇ ਉਡਿ ਆਵੈ ਸੈ ਕੋਸਾ, ਤਿਸੁ ਪਾਛੈ ਬਚਰੇ ਛਰਿਆ ॥ | ਸੈਂ | ੧. ਸੈਂ ਦਾ ਭਾਵ ਹੈ ਸੈਂਕੜੇ ਭਾਵ ਕਈ ਸੌ;<br>੨. ਕੋਸਾ ਦਾ ਉਚਾਰਨ ਕੋਸਾਂ ਨਹੀਂ ਕਰਨਾ ਕਿਉਂਕਿ ਇਹ ਬਹੁਵਚਨ ਸ਼ਬਦ ਤਾਂ ਹੈ ਪਰ ਇਸ ਦੇ ਅਗੇ ਸੰਬੰਧਕੀ ਪਦ ਨਹੀਂ ਹੈ। ਜਦੋਂ ਮੂਲ ਰੂਪ ਵਿਚ ਸ਼ਬਦ ਬਿਨਾਂ ਕੰਨੇ ਤੋਂ ਹੀ ਬਹੁਵਚਨ ਬਣਦਾ ਹੋਵੇ ਉਦੋਂ ਜੇਕਰ ਐਸੇ ਬਹੁਵਚਨ ਨਾਂਵ ਦੇ ਕੰਨਾ ਲਗਿਆ ਹੋਵੇ, ਉਸਦਾ ਉਚਾਰਨ ਨਾਸਕੀ ਨਹੀਂ ਹੋਇਆ ਕਰਦਾ ਬਸ਼ਰਤੇ ਕਿ ਇਸ ਸ਼ਬਦ ਦੇ ਅੱਗੇ ਸੰਬੰਧਕੀ ਪਦ ਨਾ ਹੋਵੇ। |
| ਤਿਨ ਕਵਣੁ ਖਲਾਵੈ, ਕਵਣੁ ਚੁਗਾਵੈ, ਮਨ ਮਹਿ, ਸਿਮਰਨੁ ਕਰਿਆ ॥੩॥ | | ਕੂੰਜ ਆਪਣੇ ਬਚਿਆਂ ਨੂੰ ਮਨ ਵਿਚ ਧਿਆਨ ਦੁਆਰਾ ਹੀ ਖਿਲਾਉਂਦੀ ਹੈ। ਇਹ ਅਚਰਜ ਕੌਤਕ ਹੈ। |
| ਸਭਿ ਨਿਧਾਨ, ਦਸ ਅਸਟ ਸਿਧਾਨ, ਠਾਕੁਰ ਕਰ ਤਲ ਧਰਿਆ ॥ | ਅਸ਼ਟ | |
| ਜਨ ਨਾਨਕ, ਬਲਿ ਬਲਿ, ਸਦ ਬਲਿ ਜਾਈਐ, ਤੇਰਾ ਅੰਤੁ ਨ ਪਾਰਾਵਰਿਆ ॥੪॥੫॥ | | |
| **ੴ ਸਤਿਗੁਰ ਪ੍ਰਸਾਦਿ ॥** | | |
| **ਰਾਗੁ ਆਸਾ, ਮਹਲਾ ੪, ਸੋ ਪੁਰਖੁ** | | ਸੋ ਪੁਰਖੁ ਸੰਗ੍ਰਹਿ ਦੇ ਕੁੱਲ ੪ ਸ਼ਬਦ ਹਨ। |
| ਸੋ ਪੁਰਖੁ ਨਿਰੰਜਨੁ, ਹਰਿ ਪੁਰਖੁ ਨਿਰੰਜਨੁ, ਹਰਿ ਅਗਮਾ ਅਗਮ ਅਪਾਰਾ ॥ | | |
| ਸਭਿ ਧਿਆਵਹਿ, ਸਭਿ ਧਿਆਵਹਿ ਤੁਧੁ ਜੀ, ਹਰਿ ਸਚੇ ਸਿਰਜਣਹਾਰਾ ॥ | ਧਿਆਵਹਿਂ | ਅਨਪੁਰਖ ਬਹੁਵਚਨ ਕਿਰਿਆ। |
| ਸਭਿ ਜੀਅ ਤੁਮਾਰੇ ਜੀ, ਤੂੰ ਜੀਆ ਕਾ ਦਾਤਾਰਾ ॥ | ਜੀਆਂ | ਜੀਆ – ਬਹੁਵਚਨ ਨਾਂਵ |
| ਹਰਿ ਧਿਆਵਹੁ ਸੰਤਹੁ ਜੀ, ਸਭਿ ਦੂਖ ਵਿਸਾਰਣਹਾਰਾ ॥ | | |
| ਹਰਿ ਆਪੇ ਠਾਕੁਰੁ, ਹਰਿ ਆਪੇ ਸੇਵਕੁ ਜੀ, ਕਿਆ, ਨਾਨਕ, ਜੰਤ ਵਿਚਾਰਾ ॥੧॥ | | ਜੇਕਰ ਇਸ ਪੰਕਤੀ ਵਿਚ "ਨਾਨਕ ਜੰਤ" ਇਕੱਠਾ ਉਚਾਰਨ ਕਰਦੇ ਹਾਂ ਤਾਂ ਅਰਥ ਬਣੇਗਾ ਕਿ ਨਾਨਕ ਜੰਤ ਵਿਚਾਰਾ ਕੀ ਹੈ ਪਰ ਅਰਥ ਇਹ ਹੈ ਕਿ ਜੰਤ ਵਿਚਾਰਾ ਕੀ ਹੈ। "ਨਾਨਕ" ਇਥੇ ਮੋਹਰ ਛਾਪ ਹੈ, ਇਸ ਕਰਕੇ ਇਸ ਦਾ ਉਚਾਰਨ ਵੱਖਰਾ ਕਰਨਾ ਹੈ, ਬਿਸ਼ਰਾਮ ਲਾ ਕੇ। |
| ਤੂੰ ਘਟ ਘਟ ਅੰਤਰਿ, ਸਰਬ ਨਿਰੰਤਰਿ ਜੀ, ਹਰਿ ਏਕੋ ਪੁਰਖੁ ਸਮਾਣਾ ॥ | | |
| ਇਕਿ ਦਾਤੇ, ਇਕਿ ਭੇਖਾਰੀ ਜੀ, ਸਭਿ ਤੇਰੇ ਚੋਜ ਵਿਡਾਣਾ ॥ | | |
| ਤੂੰ ਆਪੇ ਦਾਤਾ, ਆਪੇ ਭੁਗਤਾ ਜੀ, ਹਉ, ਤੁਧੁ ਬਿਨੁ ਅਵਰੁ ਨ ਜਾਣਾ ॥ | ਹਉਂ | |

# ਸੰਥਿਆ ਸ੍ਰੀ ਰਹਿਰਾਸ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਤੂੰ ਪਾਰਬ੍ਰਹਮੁ, ਬੇਅੰਤੁ ਬੇਅੰਤੁ ਜੀ, ਤੇਰੇ ਕਿਆ ਗੁਣ ਆਖਿ ਵਖਾਣਾ ॥ | ਵਖਾਣਾਂ | |
| ਜੋ ਸੇਵਹਿ, ਜੋ ਸੇਵਹਿ ਤੁਧੁ ਜੀ, ਜਨੁ ਨਾਨਕੁ ਤਿਨ ਕੁਰਬਾਣਾ ॥੨॥ | ਸੇਵਹਿਂ | ਅਨਪੁਰਖ ਬਹੁਵਚਨ ਕਿਰਿਆ। |
| ਹਰਿ ਧਿਆਵਹਿ, ਹਰਿ ਧਿਆਵਹਿ ਤੁਧੁ ਜੀ, ਸੇ ਜਨ ਜੁਗ ਮਹਿ ਸੁਖਵਾਸੀ ॥ | ਧਿਆਵਹਿਂ | ਅਨਪੁਰਖ ਬਹੁਵਚਨ ਕਿਰਿਆ। |
| ਸੇ ਮੁਕਤੁ, ਸੇ ਮੁਕਤੁ ਭਏ, ਜਿਨ ਹਰਿ ਧਿਆਇਆ ਜੀ, ਤਿਨ ਤੂਟੀ ਜਮ ਕੀ ਫਾਸੀ ॥ | ਫਾਂਸੀ | |
| ਜਿਨ ਨਿਰਭਉ, ਜਿਨ ਹਰਿ ਨਿਰਭਉ ਧਿਆਇਆ ਜੀ, ਤਿਨ ਕਾ ਭਉ ਸਭੁ ਗਵਾਸੀ ॥ | | ਇਸ ਪੰਕਤੀ ਤੋਂ ਸਾਬਤ ਹੈ ਕਿ ਜੋ ਨਿਰਭਉ ਵਾਹਿਗੁਰੁ ਨੂੰ ਧਿਆਉਂਦੇ ਹਨ ਉਹਨਾਂ ਦਾ ਸਭ ਭਉ ਖਤਮ ਹੋ ਜਾਂਦਾ ਹੈ ਤੇ ਉਹ ਵੀ ਨਿਰਭਉ ਬਣ ਜਾਂਦੇ ਹਨ। |
| ਜਿਨ ਸੇਵਿਆ, ਜਿਨ ਸੇਵਿਆ ਮੇਰਾ ਹਰਿ ਜੀ, ਤੇ ਹਰਿ ਹਰਿ ਰੂਪਿ ਸਮਾਸੀ ॥ | | |
| ਸੇ ਧੰਨੁ, ਸੇ ਧੰਨੁ, ਜਿਨ ਹਰਿ ਧਿਆਇਆ ਜੀ, ਜਨੁ ਨਾਨਕੁ, ਤਿਨ ਬਲਿ ਜਾਸੀ ॥੩॥ | | |
| ਤੇਰੀ ਭਗਤਿ, ਤੇਰੀ ਭਗਤਿ ਭੰਡਾਰ ਜੀ, ਭਰੇ ਬਿਅੰਤ ਬੇਅੰਤਾ ॥ | | |
| ਤੇਰੇ ਭਗਤ, ਤੇਰੇ ਭਗਤ ਸਲਾਹਨਿ ਤੁਧੁ ਜੀ, ਹਰਿ ਅਨਿਕ ਅਨੇਕ ਅਨੰਤਾ ॥ | | |
| ਤੇਰੀ ਅਨਿਕ, ਤੇਰੀ ਅਨਿਕ ਕਰਹਿ ਹਰਿ ਪੂਜਾ ਜੀ, ਤਪੁ ਤਾਪਹਿ, ਜਪਹਿ ਬੇਅੰਤਾ ॥ | ਕਰਹਿਂ, ਤਾਪਹਿਂ, ਜਪਹਿਂ | ਤਿਨੇ ਹੀ ਅਨਪੁਰਖ ਬਹੁਵਚਨ ਕਿਰਿਆਵਾਂ ਹਨ। |
| ਤੇਰੇ ਅਨੇਕ, ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ, ਕਰਿ ਕਿਰਿਆ, ਖਟੁ ਕਰਮ ਕਰੰਤਾ ॥ | ਪੜਹਿਂ, ਸ਼ਾਸਤ | ੧. ਪੜਹਿ – ਅਨਪੁਰਖ ਬਹੁਵਚਨ ਕਿਰਿਆ।<br>੨. ਸਾਸਤ ਦਾ ਉਚਾਰਨ ਹੈ ਸ਼ਾਸਤ। ਇਹ ਸ਼ਬਦ ਸ਼ਾਸਤ੍ਰ ਦਾ ਰੂਪ ਹੈ। |
| ਸੇ ਭਗਤ, ਸੇ ਭਗਤ ਭਲੇ, ਜਨ ਨਾਨਕ ਜੀ, ਜੋ ਭਾਵਹਿ ਮੇਰੇ ਹਰਿ ਭਗਵੰਤਾ ॥੪॥ | ਭਾਵਹਿਂ | ਅਨਪੁਰਖ ਬਹੁਵਚਨ ਕਿਰਿਆ। |
| ਤੂੰ ਆਦਿ ਪੁਰਖੁ, ਅਪਰੰਪਰੁ, ਕਰਤਾ ਜੀ, ਤੁਧੁ ਜੇਵਡੁ, ਅਵਰੁ ਨ ਕੋਈ ॥ | | |
| ਤੂੰ ਜੁਗੁ ਜੁਗੁ ਏਕੋ, ਸਦਾ ਸਦਾ ਤੂੰ ਏਕੋ ਜੀ, ਤੂੰ ਨਿਹਚਲੁ ਕਰਤਾ ਸੋਈ ॥ | | |
| ਤੁਧੁ ਆਪੇ ਭਾਵੈ, ਸੋਈ ਵਰਤੈ ਜੀ, ਤੂੰ ਆਪੇ ਕਰਹਿ, ਸੁ ਹੋਈ ॥ | ਕਰਹਿਂ | ਅਨਪੁਰਖ ਬਹੁਵਚਨ ਕਿਰਿਆ। |
| ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ, ਤੁਧੁ ਆਪੇ ਸਿਰਜਿ, ਸਭ ਗੋਈ ॥ | ਸ੍ਰਿਸ਼ਟਿ | |
| ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ, ਜੋ ਸਭਸੈ ਕਾ ਜਾਣੋਈ ॥੫॥੧॥ | | |
| **ਆਸਾ ਮਹਲਾ ੪ ॥** | | |
| ਤੂੰ ਕਰਤਾ ਸਚਿਆਰੁ, ਮੈਡਾ ਸਾਂਈ ॥ | ਮੈਂਡਾ | ਮੈਂਡਾ – ਮੇਰਾ |
| ਜੋ ਤਉ ਭਾਵੈ, ਸੋਈ ਥੀਸੀ, ਜੋ ਤੂੰ ਦੇਹਿ, ਸੋਈ ਹਉ ਪਾਈ ॥੧॥ ਰਹਾਉ ॥ | ਦੇਹਿਂ, ਹਉਂ, ਪਾਈਂ | ੧. ਦੇਹਿ – ਜਿਸ ਨੂੰ ਤੂੰ ਦੇਵੇਂ।<br>੨. ਹਉਂ – ਮੈਂ।<br>੩. ਪਾਈਂ – ਮੈਂ ਪਾਵਾਂ ਜਾਂ ਪਾਉਂਦਾ ਹਾਂ। |
| ਸਭ ਤੇਰੀ, ਤੂੰ ਸਭਨੀ ਧਿਆਇਆ ॥ | | |

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਜਿਸ ਨੋ ਕ੍ਰਿਪਾ ਕਰਹਿ, ਤਿਨਿ ਨਾਮ ਰਤਨੁ ਪਾਇਆ ॥ | ਕਰਹਿਂ | |
| ਗੁਰਮੁਖਿ ਲਾਧਾ, ਮਨਮੁਖਿ ਗਵਾਇਆ ॥ | | |
| ਤੁਧੁ ਆਪਿ ਵਿਛੋੜਿਆ, ਆਪਿ ਮਿਲਾਇਆ ॥੧॥ | | |
| ਤੂੰ ਦਰੀਆਉ, ਸਭ ਤੁਝ ਹੀ ਮਾਹਿ ॥ | ਮਾਹਿਂ | |
| ਤੁਝ ਬਿਨੁ, ਦੂਜਾ ਕੋਈ ਨਾਹਿ ॥ | ਨਾਹਿਂ | |
| ਜੀਅ ਜੰਤ ਸਭਿ, ਤੇਰਾ ਖੇਲੁ ॥ | | |
| ਵਿਜੋਗਿ ਮਿਲਿ ਵਿਛੁੜਿਆ, ਸੰਜੋਗੀ ਮੇਲੁ ॥੨॥ | ਵਿਛੁੜਿਆਂ | ਭਾਵ-ਅਰਥ - ਮਿਲ ਕੇ, ਵਿਜੋਗ ਕਰਕੇ ਵਿਛੁੜਿਆਂ ਨੂੰ, ਸੰਜੋਗ ਦੀ ਸੱਤਾ ਕਰਕੇ ਮੇਲ ਹੁੰਦਾ ਹੈ। ਇਸ ਪੰਕਤੀ ਤੋਂ ਸਾਬਿਤ ਹੈ ਕਿ ਵਿਛੁੜੇ ਹੋਏ ਫਿਰਿ ਤੋਂ ਵਾਹਿਗੁਰੂ ਦੀ ਸੰਜੋਗ ਦੀ ਸਤਿਆ ਕਰਕੇ ਮਿਲ ਸਕਦੇ ਹਨ। ਵਿਛੋੜੇ ਸਦੀਵੀ ਨਹੀਂ ਹਨ। |
| ਜਿਸ ਨੋ ਤੂ ਜਾਣਾਇਹਿ, ਸੋਈ ਜਨੁ ਜਾਣੈ ॥ | ਜਾਣਾਇਹਿਂ | ਜਾਣਾਇਹਿ - ਜਾਣਾਵੇਂ। |
| ਹਰਿ ਗੁਣ ਸਦ ਹੀ ਆਖਿ ਵਖਾਣੈ ॥ | | |
| ਜਿਨਿ ਹਰਿ ਸੇਵਿਆ, ਤਿਨਿ ਸੁਖੁ ਪਾਇਆ ॥ | | |
| ਸਹਜੇ ਹੀ, ਹਰਿ ਨਾਮਿ ਸਮਾਇਆ ॥੩॥ | | |
| ਤੂ ਆਪੇ ਕਰਤਾ, ਤੇਰਾ ਕੀਆ ਸਭੁ ਹੋਇ ॥ | | |
| ਤੁਧੁ ਬਿਨੁ, ਦੂਜਾ ਅਵਰੁ ਨ ਕੋਇ ॥ | | |
| ਤੂ ਕਰਿ ਕਰਿ ਵੇਖਹਿ, ਜਾਣਹਿ ਸੋਇ ॥ | ਵੇਖਹਿਂ, ਜਾਣਹਿਂ | ਦੋਨੋ ਮਧਮ ਪੁਰਖ ਕਿਰਿਆਵਾਂ ਹਨ - ਭਾਵ ਹੈ ਤੂੰ ਕਰ ਕਰ ਕੇ ਵੇਖਦਾ ਹੈਂ ਤੇ ਜਾਣਦਾ ਹੈਂ। |
| ਜਨ ਨਾਨਕ, ਗੁਰਮੁਖਿ ਪਰਗਟੁ ਹੋਇ ॥੪॥੨॥ | | |
| **ਆਸਾ ਮਹਲਾ ੧ ॥** | | |
| ਤਿਤੁ ਸਰਵਰੜੈ ਭਈਲੇ ਨਿਵਾਸਾ, ਪਾਣੀ ਪਾਵਕੁ ਤਿਨਹਿ ਕੀਆ ॥ | | ਤਿਨਹਿ - ਤਿਸ ਨੇ ਹੀ। ਤਿਨਹਿ ਦਾ ਉਚਾਰਨ ਤਿਨਹਿਂ ਨਹੀਂ ਹੈ। |
| ਪੰਕਜੁ ਮੋਹ, ਪਗੁ ਨਹੀ ਚਾਲੈ, ਹਮ ਦੇਖਾ ਤਹ ਡੂਬੀਅਲੇ ॥੧॥ | ਤਹਂ | |
| ਮਨ, ਏਕੁ ਨ ਚੇਤਸਿ, ਮੂੜ ਮਨਾ ॥ | | |
| ਹਰਿ ਬਿਸਰਤ, ਤੇਰੇ ਗੁਣ ਗਲਿਆ ॥੧॥ ਰਹਾਉ ॥ | | |
| ਨਾ ਹਉ ਜਤੀ ਸਤੀ, ਨਹੀ ਪੜਿਆ, ਮੂਰਖ ਮੁਗਧਾ ਜਨਮੁ ਭਇਆ ॥ | ਹਉਂ | |
| ਪ੍ਰਣਵਤਿ ਨਾਨਕ, ਤਿਨ ਕੀ ਸਰਣਾ, ਜਿਨ ਤੂ ਨਾਹੀ ਵੀਸਰਿਆ ॥੨॥੩॥ | ਸ਼ਰਣਾ, ਨਾਹੀਂ | |
| **ਆਸਾ ਮਹਲਾ ੫ ॥** | | |

# ਸੰਥਿਆ ਸ੍ਰੀ ਰਹਿਰਾਸ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਭਈ ਪਰਾਪਤਿ ਮਾਨੁਖ ਦੇਹੁਰੀਆ ॥ | | |
| ਗੋਬਿੰਦ ਮਿਲਣ ਕੀ, ਇਹ ਤੇਰੀ ਬਰੀਆ ॥ | | |
| ਅਵਰਿ ਕਾਜ, ਤੇਰੈ ਕਿਤੈ ਨ ਕਾਮ ॥ | | ਇਸ ਪੰਕਤੀ ਵਿਚਲਾ "ਤੇਰੈ" ਸ਼ਬਦ "ਕਾਜ" ਦਾ ਪੜਨਾਂਵੀਂ ਵਿਸ਼ੇਸ਼ਣ ਨਹੀਂ ਹੈ ਬਲਕਿ ਇਹ ਸਾਦਾ ਪੜਨਾਂਵ ਸ਼ਬਦ ਹੈ। ਇਸ ਕਰਕੇ "ਕਾਜ" ਤੇ ਬਿਸ਼ਰਾਮ ਹੈ ਤੇ "ਕਾਜ ਤੇਰੈ" ਪਾਠ ਨਹੀਂ ਕਰਨਾ ਚਾਹੀਦਾ। |
| ਮਿਲੁ ਸਾਧਸੰਗਤਿ, ਭਜੁ ਕੇਵਲ ਨਾਮ ॥੧॥ | | |
| ਸਰੰਜਾਮਿ ਲਾਗੁ, ਭਵਜਲ ਤਰਨ ਕੈ ॥ | | |
| ਜਨਮੁ ਬ੍ਰਿਥਾ ਜਾਤ, ਰੰਗਿ ਮਾਇਆ ਕੈ ॥੧॥ ਰਹਾਉ ॥ | | |
| ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥ | | |
| ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥ | | "ਨ" ਦੇਹੁਲੀ ਦੀਪਕ ਹੈ – ਭਾਵ ਹੈ – ਨਾ ਸਾਧ ਸਤਿਗੁਰੂ ਸੇਵਿਆ ਤੇ ਨਾ ਹਰੀ ਨੂੰ ਜਾਣਿਆ। |
| ਕਹੁ ਨਾਨਕ, ਹਮ ਨੀਚ ਕਰੰਮਾ ॥ | | |
| ਸਰਣਿ ਪਰੇ ਕੀ, ਰਾਖਹੁ ਸਰਮਾ ॥੨॥੪॥ | ਸ਼ਰਣਿ, ਸ਼ਰਮਾ | ਸ਼ਰਮਾ ਦਾ ਭਾਵ ਹੈ ਪਤਿ ਜਾਂ ਇਜ਼ਤ। |
| **ਪਾਃ ੧੦ ਕਬਿਯੋਬਾਚ ਬੇਨਤੀ ॥ ਚੌਪਈ ॥** | | |
| ਹਮਰੀ, ਕਰੋ ਹਾਥ ਦੈ, ਰੱਛਾ ॥ | | |
| ਪੂਰਨ ਹੋਇ, ਚਿਤ ਕੀ ਇੱਛਾ ॥ | | |
| ਤਵ ਚਰਨਨ, ਮਨ ਰਹੈ ਹਮਾਰਾ ॥ | | |
| ਅਪਨਾ ਜਾਨ ਕਰੋ ਪ੍ਰਤਿਪਾਰਾ ॥੧॥ | | |
| ਹਮਰੇ ਦੁਸਟ ਸਭੈ, ਤੁਮ ਘਾਵਹੁ ॥ | ਦੁਸ਼ਟ | "ਸਭੈ" ਵਿਸ਼ੇਸ਼ਣ ਹੈ "ਦੁਸਟ" ਦਾ; ਇਸ ਕਰਕੇ ਬਿਸ਼ਰਾਮ "ਸਭੈ" ਤੋਂ ਬਾਅਦ ਹੈ ਨਾ ਕਿ "ਦੁਸਟ" ਤੋਂ ਬਾਅਦ। |
| ਆਪੁ ਹਾਥ ਦੈ, ਮੋਹਿ ਬਚਾਵਹੁ ॥ | | |
| ਸੁਖੀ ਬਸੈ, ਮੋਰੋ ਪਰਿਵਾਰਾ ॥ | | |
| ਸੇਵਕ ਸਿੱਖ ਸਭੈ, ਕਰਤਾਰਾ ॥੨॥ | | "ਸਿੱਖ" ਤੇ ਬਿਸ਼ਰਾਮ ਲਾ ਕੇ "ਸਭੈ ਕਰਤਾਰਾ" ਕਹਿਣਾ ਅਸ਼ੁਧ ਪਾਠ ਹੈ ਕਿਉਂਕਿ "ਸਭੈ" "ਸੇਵਕ ਸਿੱਖ" ਦਾ ਵਿਸ਼ੇਸ਼ਣ ਹੈ। "ਕਰਤਾਰਾ" ਦਾ ਭਾਵ ਹੈ "ਹੇ ਕਰਤਾਰ"॥ |

# ਸੰਥਿਆ ਸ੍ਰੀ ਰਹਿਰਾਸ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਮੋ ਰੱਛਾ, ਨਿਜ ਕਰ ਦੈ ਕਰਿਯੈ ॥ | ਮੋਂ<br>'ਕਰਿਯੈ - ਕਰੀਐ | ਇਥੇ "ਮੋ" ਦਾ ਅਰਥ ਹੈ "ਮੇਰੀ"। |
| ਸਭ ਬੈਰਨ ਕੋ, ਆਜ ਸੰਘਰਿਯੈ ॥ | ਸੰਘਰਿਯੈ - ਸੰਘਰੀਐ | |
| ਪੂਰਨ ਹੋਇ, ਹਮਾਰੀ ਆਸਾ ॥ | | |
| ਤੋਰ ਭਜਨ ਕੀ, ਰਹੈ ਪਿਆਸਾ ॥੩॥ | | |
| ਤੁਮਹਿ ਛਾਡਿ, ਕੋਈ ਅਵਰ, ਨ ਧਿਯਾਊਂ ॥ | | |
| ਜੋ ਬਰ ਚਹੋਂ, ਸੁ ਤੁਮ ਤੇ ਪਾਊਂ ॥ | | |
| ਸੇਵਕ ਸਿੱਖ ਹਮਾਰੇ, ਤਾਰੀਅਹਿ ॥ | ਤਾਰੀਅਹਿਂ | |
| ਚੁਨਿ ਚੁਨਿ ਸਤ੍ਰ ਹਮਾਰੇ, ਮਾਰੀਅਹਿ ॥੪॥ | ਸ਼ੱਤ੍ਰ, ਮਾਰੀਅਹਿਂ | ਹਮਾਰੇ" ਵਿਸ਼ੇਸ਼ਣ ਹੈ "ਸਤ੍ਰ" ਦਾ ਤੇ ਇਸ ਕਰਕੇ ਬਿਸ਼ਰਾਮ "ਹਮਾਰੇ" ਤੇ ਹੈ। "ਹਮਾਰੇ ਮਾਰੀਅਹਿ" ਪਾਠ ਇਕੱਠਾ ਕਰਨਾ ਅਸ਼ੁਧ ਪਾਠ ਹੈ। |
| ਆਪ ਹਾਥ ਦੈ, ਮੁਝੈ ਉਬਰਿਯੈ ॥ | ਉਬਰਿਯੈ - ਉਬਰੀਐ | |
| ਮਰਨ ਕਾਲ ਕਾ ਤ੍ਰਾਸ ਨਿਵਰਿਯੈ ॥ | ਨਿਵਰਿਯੈ - ਨਿਵਰੀਐ। | |
| ਹੂਜੋ ਸਦਾ ਹਮਾਰੇ ਪੱਛਾ ॥ | | ਪੰਕਤੀ ਦਾ ਭਾਵ ਹੈ - ਹੇ ਵਾਹਿਗੁਰੂ, ਸਦਾ ਸਾਡੇ ਪੱਖ ਵਿਚ ਹੋਵੋ। |
| ਸ੍ਰੀ ਅਸਿਧੁਜ ਜੂ, ਕਰਿਯਹੁ ਰੱਛਾ ॥੫॥ | ਕਰਿਯਹੁ - ਕਰੀਅਹੁ | ਜੇਕਰ "ਯ" ਤੋਂ ਪਹਿਲੇ ਅੱਖਰ ਦੇ ਸਿਹਾਰੀ ਹੋਵੇ ਤਾਂ ਉਸ ਦਾ ਉਚਾਰਨ "ਯ" ਕਰਕੇ ਬਿਹਾਰੀ ਵਾਲਾ ਹੋ ਜਾਂਦਾ ਹੈ। "ਯ" ਦੀ ਇਕ ਸਿਹਾਰੀ ਮੰਨੀ ਜਾਂਦੀ ਹੈ ਤੇ ਪਹਿਲੇ ਅੱਖਰ ਦੀ ਸਿਹਾਰੀ ਰਲ ਕੇ ਬਿਹਾਰੀ ਬਣ ਜਾਂਦੀ ਹੈ। |
| ਰਾਖਿ ਲੇਹੁ ਮੁਹਿ, ਰਾਖਨਹਾਰੇ ॥ | | "ਲੇਹੁ" ਤੇ ਬਿਸ਼ਰਾਮ ਲਾ ਕੇ "ਮੁਹਿ ਰਾਖਨਹਾਰੇ" ਇਕੱਠਾ ਕਹਿਣਾ ਠੀਕ ਨਹੀਂ ਕਿਉਂਕਿ "ਰਾਖਨਹਾਰੇ" ਦਾ ਮਤਲਬ ਹੈ "ਹੇ ਰਾਖਨਹਾਰੇ"; ਇਸ ਕਰਕੇ ਇਸ ਨੂੰ ਅਲਗ ਉਠਾਉਣਾ ਹੈ। |
| ਸਾਹਿਬ, ਸੰਤਸਹਾਇ, ਪਿਯਾਰੇ ॥ | | "ਸੰਤਸਹਾਇ" ਸਮਾਸੀ ਸ਼ਬਦ ਹੈ ਤੇ ਮਤਲਬ ਹੈ ਪਰਮਾਤਮਾ ਜੋ ਕਿ ਸੰਤਾ ਦਾ ਸਹਾਈ ਹੈ। "ਸਾਹਿਬ ਸੰਤ, ਸਹਾਇ ਪਿਯਾਰੇ" ਵਾਂਗ ਪਾਠ ਕਰਨਾ ਬਹੁਤ ਅਸ਼ੁਧ ਹੈ। |

# ਸੰਥਿਆ ਸ੍ਰੀ ਰਹਿਰਾਸ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਦੀਨਬੰਧੁ, ਦੁਸਟਨ ਕੇ ਹੰਤਾ ॥ | ਦੁਸ਼ਟਨ | "ਦੀਨਬੰਧ" ਸਮਾਸੀ ਸ਼ਬਦ ਹੈ ਤੇ ਮਤਲਬ ਹੈ ਦੀਨਾਂ ਦਾ ਬੰਧੁ (ਮਿੱਤਰ)। |
| ਤੁਮਹੋ, ਪੁਰੀ ਚਤੁਰਦਸ ਕੰਤਾ ॥੬॥ | ਪੁਰੀਂ | ੧. ਹੇ ਵਾਹਿਗੁਰੁ, ਆਪ ਚੌਦਾਂ (ਚਤੁਰਦਸ) ਪੁਰੀਆਂ ਦੇ ਕੰਤ (ਮਾਲਿਕ) ਹੋ।<br>੨. "ਪੁਰੀ" ਦਾ ਉਚਾਰਨ ਨਾਸਕੀ ਹੈ ਕਿਉਂਕਿ ਇਹ ਬਹੁਵਚਨ ਨਾਂਵ ਹੈ। |
| ਕਾਲ ਪਾਇ, ਬ੍ਰਹਮਾ ਬਪੁ ਧਰਾ ॥ | | |
| ਕਾਲ ਪਾਇ, ਸਿਵ ਜੁ ਅਵਤਰਾ ॥ | ਸ਼ਿਵ | |
| ਕਾਲ ਪਾਇ, ਕਰ ਬਿਸਨੁ ਪ੍ਰਕਾਸਾ ॥ | ਬਿਸ਼ਨ, ਪ੍ਰਕਾਸ਼ਾ | |
| ਸਕਲ, ਕਾਲ ਕਾ ਕੀਆ, ਤਮਾਸਾ ॥੭॥ | ਤਮਾਸ਼ਾ | ਪੰਕਤੀ ਦਾ ਅਨਵੈ – ਸਕਲ ਤਮਾਸਾ, ਕਾਲ ਕਾ ਕੀਆ (ਹੂਆ ਹੈ)। |
| ਜਵਨ ਕਾਲ, ਜੋਗੀ ਸਿਵ ਕੀਓ ॥ | ਸ਼ਿਵ | |
| ਬੇਦਰਾਜ ਬ੍ਰਹਮਾ ਜੂ ਥੀਓ ॥ | | |
| ਜਵਨ ਕਾਲ, ਸਭ ਲੋਕ ਸਵਾਰਾ ॥ | | |
| ਨਮਸਕਾਰ ਹੈ ਤਾਹਿ, ਹਮਾਰਾ ॥੮॥ | | ੧. "ਤਾਹਿ ਹਮਾਰਾ" ਪਾਠ ਇਕੱਠਾ ਨਹੀਂ ਉਠਾਉਣਾ; "ਤਾਹਿ" ਤੇ ਬਿਸ਼ਰਾਮ ਹੈ।<br>੨. ਪੰਕਤੀ ਦਾ ਅਨਵੈ – ਹਮਾਰਾ ਨਮਸਕਾਰ ਹੈ ਤਾਹਿ।<br>੩. "ਨਮਸਕਾਰ" ਦਾ ਉਚਾਰਨ "ਨਮਸ਼ਕਾਰ" ਕਰਨਾ ਠੀਕ ਨਹੀਂ। |
| ਜਵਨ ਕਾਲ, ਸਭ ਜਗਤ ਬਨਾਯੋ ॥ | ਬਨਾਯੋ – ਬਨਾਇਓ | |
| ਦੇਵ ਦੈਤ ਜੱਛਨ ਉਪਜਾਯੋ ॥ | ਦੈਂਤ<br>ਉਪਜਾਯੋ – ਉਪਜਾਇਓ | |
| ਆਦਿ ਅੰਤਿ, ਏਕੈ ਅਵਤਾਰਾ ॥ | | |
| ਸੋਈ ਗੁਰੂ ਸਮਝਿਯਹੁ, ਹਮਾਰਾ ॥੯॥ | ਸਮਝਿਯਹੁ – ਸਮਝੀਅਹੁ | ਜੇਕਰ "ਯ" ਤੋਂ ਪਹਿਲੇ ਅੱਖਰ ਦੇ ਸਿਹਾਰੀ ਹੋਵੇ ਤਾਂ ਉਸ ਦਾ ਉਚਾਰਨ "ਯ" ਕਰਕੇ ਬਿਹਾਰੀ ਵਾਲਾ ਹੋ ਜਾਂਦਾ ਹੈ। "ਯ" ਦੀ ਇਕ ਸਿਹਾਰੀ ਮੰਨੀ ਜਾਂਦੀ ਹੈ ਤੇ ਪਹਿਲੇ ਅੱਖਰ ਦੀ ਸਿਹਾਰੀ ਰਲ ਕੇ ਬਿਹਾਰੀ ਬਣ ਜਾਂਦੀ ਹੈ। |

# ਸੰਥਿਆ ਸ੍ਰੀ ਰਹਿਰਾਸ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਨਮਸਕਾਰ, ਤਿਸ ਹੀ ਕੋ ਹਮਾਰੀ ॥ | | "ਨਮਸਕਾਰ" ਦਾ ਉਚਾਰਨ "ਨਮਸ਼ਕਾਰ" ਕਰਨਾ ਠੀਕ ਨਹੀਂ ਹੈ। |
| ਸਕਲ ਪ੍ਰਜਾ, ਜਿਨ ਆਪ ਸਵਾਰੀ ॥ | | |
| ਸਿਵਕਨ ਕੋ, ਸਿਵਗੁਨ ਸੁਖ ਦੀਓ ॥ | ਸ਼ਿਵਗੁਨ | "ਸ਼ਿਵਗੁਨ" ਦਾ ਭਾਵ ਹੈ ਰੱਬੀ ਗੁਣ ਜਾਂ ਦੈਵੀ ਗੁਣ। |
| ਸੱਤ੍ਰੁਨ ਕੋ, ਪਲ ਮੋ ਬਧ ਕੀਓ ॥੧੦॥ | ਸ਼ੱਤ੍ਰਨ, ਮੋਂ | ਇਥੇ "ਮੋ" ਦਾ ਅਰਥ ਹੈ "ਮਹਿ"। |
| ਘਟ ਘਟ ਕੇ, ਅੰਤਰ ਕੀ ਜਾਨਤ ॥ | | |
| ਭਲੇ ਬੁਰੇ ਕੀ ਪੀਰ ਪਛਾਨਤ ॥ | | |
| ਚੀਟੀ ਤੇ ਕੁੰਚਰ ਅਸਥੂਲਾ ॥ | ਚੀਂਟੀ | |
| ਸਭ ਪਰ, ਕ੍ਰਿਪਾਦ੍ਰਿਸਟਿ ਕਰ, ਫੂਲਾ ॥੧੧॥ | ਕ੍ਰਿਪਾਦ੍ਰਿਸ਼ਟਿ | ੧. "ਕ੍ਰਿਪਾਦ੍ਰਿਸਟਿ" ਸਮਾਸੀ ਸ਼ਬਦ ਹੈ।<br>੨. "ਕ੍ਰਿਪਾ" ਤੋਂ ਬਾਅਦ ਬਿਸ਼ਰਾਮ ਲਾਉਣਾ ਠੀਕ ਨਹੀਂ ਹੈ। |
| ਸੰਤਨ ਦੁਖ ਪਾਏ ਤੇ, ਦੁਖੀ ॥ | | |
| ਸੁਖ ਪਾਏ ਸਾਧਨ ਕੇ, ਸੁਖੀ ॥ | | |
| ਏਕ ਏਕ ਕੀ ਪੀਰ ਪਛਾਨੈਂ ॥ | | |
| ਘਟ ਘਟ ਕੇ, ਪਟ ਪਟ ਕੀ ਜਾਨੈਂ ॥੧੨॥ | | |
| ਜਬ ਉਦਕਰਖ ਕਰਾ ਕਰਤਾਰਾ ॥ | | "ਕਰਤਾਰਾ" ਦਾ ਭਾਵ ਹੈ "ਕਰਤਾਰ ਨੇ" |
| ਪ੍ਰਜਾ ਧਰਤ ਤਬ, ਦੇਹ ਅਪਾਰਾ ॥ | | |
| ਜਬ ਆਕਰਖ ਕਰਤ ਹੋ, ਕਬਹੂੰ ॥ | | ਪੰਕਤੀ ਦਾ ਅਨਵੈ - ਜਬ ਕਬਹੂੰ ਆਕਰਖ ਕਰਤ ਹੋ। |
| ਤੁਮ ਮੈ ਮਿਲਤ, ਦੇਹਧਰ ਸਭਹੂੰ ॥੧੩॥ | | ਦੇਹਧਰ ਸਮਾਸੀ ਸ਼ਬਦ ਹੈ। |
| ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥ | ਸ੍ਰਿਸ਼ਟਿ | |
| ਆਪੁ ਆਪਨੀ ਬੂਝ ਉਚਾਰੈ ॥ | | |
| ਤੁਮ ਸਭਹੀ ਤੇ ਰਹਤ ਨਿਰਾਲਮ ॥ | | |
| ਜਾਨਤ ਬੇਦ ਭੇਦ ਅਰ ਆਲਮ ॥੧੪॥ | | ਪੰਕਤੀ ਦਾ ਭਾਵ ਹੈ - ਹੇ ਵਾਹਿਗੁਰੂ ਆਪ ਬੇਦਾਂ ਦੇ ਭੇਦ ਅਤੇ ਇਹਨਾਂ ਦੇ ਆਲਮਾਂ ਬਾਰੇ ਸਭ ਜਾਣਦੇ ਹੋ। ਇਸ ਪੰਕਤੀ ਦਾ ਇਹ ਭਾਵ ਗੁਰਮਤਿ ਅਨੁਸਾਰ ਠੀਕ ਨਹੀਂ ਕਿ ਵਾਹਿਗੁਰੂ ਦੇ ਭੇਦ ਨੂੰ ਬੇਦ ਅਤੇ ਆਲਮ ਲੋਕ ਜਾਣਦੇ ਹਨ। |
| ਨਿਰੰਕਾਰ, ਨ੍ਰਿਬਿਕਾਰ, ਨਿਰਲੰਭ ॥ | | |

# ਸੰਥਿਆ ਸ੍ਰੀ ਰਹਿਰਾਸ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਆਦਿ, ਅਨੀਲ, ਅਨਾਦਿ, ਅਸੰਭ ॥ | | |
| ਤਾ ਕਾ, ਮੂੜ੍ਹ ਉਚਾਰਤ ਭੇਦਾ ॥ | | |
| ਜਾ ਕੌ ਭੇਵ, ਨ ਪਾਵਤ ਬੇਦਾ ॥੧੫॥ | | ਇਸ ਪੰਕਤੀ ਵਿਚ ਸਾਫ ਦਰਜ ਹੈ ਕਿ ਅਕਾਲ ਪੁਰਖ ਦਾ ਭੇਦ ਬੇਦ ਨਹੀਂ ਪਾ ਸਕੇ। |
| ਤਾ ਕੌ ਕਰਿ ਪਾਹਨ ਅਨੁਮਾਨਤ ॥ | | |
| ਮਹਾ ਮੂੜ੍ਹ, ਕਛੁ ਭੇਦ ਨ ਜਾਨਤ ॥ | | |
| ਮਹਾਦੇਵ ਕੌ ਕਹਤ ਸਦਾ ਸਿਵ ॥ | ਸ਼ਿਵ | |
| ਨਿਰੰਕਾਰ ਕਾ, ਚੀਨਤ ਨਹਿ ਭਿਵ ॥੧੬॥ | ਨਹਿਂ | |
| ਆਪੁ ਆਪਨੀ ਬੁਧਿ ਹੈ ਜੇਤੀ ॥ | | |
| ਬਰਨਤ ਭਿੰਨ ਭਿੰਨ ਤੁਹਿ ਤੇਤੀ ॥ | | |
| ਤੁਮਰਾ, ਲਖਾ ਨ ਜਾਇ ਪਸਾਰਾ ॥ | | ਪੰਕਤੀ ਦਾ ਅਨਵੈ – ਤੁਮਰਾ ਪਸਾਰਾ ਲਖਾ ਨਾ ਜਾਇ। "ਤੁਮਰਾ" ਦਾ ਸੰਬੰਧ "ਪਸਾਰਾ" ਨਾਲ ਹੈ; ਸੋ "ਤੁਮਰਾ" ਤੋਂ ਬਾਅਦ ਬਿਸ਼ਰਾਮ ਹੈ। |
| ਕਿਹ ਬਿਧਿ ਸਜਾ ਪ੍ਰਥਮ, ਸੰਸਾਰਾ ॥੧੭॥ | | "ਪ੍ਰਥਮ ਸੰਸਾਰਾ" ਕਹਿਣਾ ਅਸ਼ੁਧ ਹੈ ਕਿਉਂਕਿ "ਪ੍ਰਥਮ" ਇਥੇ ਕਿਰਿਆ-ਵਿਸ਼ੇਸ਼ਣ ਹੈ ਨਾ ਕਿ "ਸੰਸਾਰਾ" ਦਾ ਵਿਸ਼ੇਸ਼ਣ। ਪੰਕਤੀ ਦਾ ਭਾਵ ਹੈ – ਪਹਿਲਾਂ ਕਿਸ ਤਰਾਂ ਇਹ ਸੰਸਾਰ ਸਜਿਆ। "ਪ੍ਰਥਮ" ਦਾ ਸੰਬੰਧ "ਸਜਾ" ਨਾਲ ਹੈ "ਸੰਸਾਰਾ" ਨਾਲ ਨਹੀਂ। |
| ਏਕੈ ਰੂਪ, ਅਨੂਪ ਸਰੂਪਾ ॥ | | |
| ਰੰਕ ਭਯੋ, ਰਾਵ, ਕਹੀ ਭੂਪਾ ॥ | ਭਯੋ = ਭਇਓ<br>ਕਹੀਂ | ਪੰਕਤੀ ਦਾ ਭਾਵ ਹੈ – ਅਕਾਲ ਪੁਰਖ ਕਹੀਂ ਰੰਕ (ਗਰੀਬ) ਭਯੋ, ਕਹੀਂ ਰਾਵ (ਅਮੀਰ) ਭਯੋ, ਕਹੀਂ ਭੂਪ (ਰਾਜਾ) ਭਯੋ ਹੈ। |
| ਅੰਡਜ, ਜੇਰਜ, ਸੇਤਜ, ਕੀਨੀ ॥ | | |
| ਉਤਭੁਜ ਖਾਨਿ, ਬਹੁਰ ਰਚਿ ਦੀਨੀ ॥੧੮॥ | | |
| ਕਹੂੰ, ਫੂਲਰਾਜਾ ਹ੍ਵੈ ਬੈਠਾ ॥ | | |
| ਕਹੂੰ, ਸਿਮਟਿ ਭਿਯੋ ਸੰਕਰ ਇਕੈਠਾ ॥ | ਸ਼ੰਕਰ | |
| ਸਗਰੀ ਸ੍ਰਿਸਟਿ ਦਿਖਾਇ ਅਚੰਭਵ ॥ | ਸ੍ਰਿਸ਼ਟਿ | |
| ਆਦਿ ਜੁਗਾਦਿ, ਸਰੂਪ ਸੁਯੰਭਵ ॥੧੯॥ | | ਉਸਦਾ ਸਰੂਪ ਆਦਿ ਹੈ, ਜੁਗਾਦਿ ਹੈ ਤੇ ਸੁਯੰਭਵ ਹੈ। |

# ਸੰਥਿਆ ਸ੍ਰੀ ਰਹਿਰਾਸ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਅਬ, ਰੱਛਾ ਮੇਰੀ, ਤੁਮ ਕਰੋ ॥ | | ਪੰਕਤੀ ਦਾ ਅਨਵੈ ਹੈ - ਤੁਮ ਮੇਰੀ ਰੱਛਾ ਅਬ ਕਰੋ। "ਅਬ" ਕ੍ਰਿਆ ਵਿਸ਼ੇਸ਼ਣ ਹੈ ਤੇ ਇਸ ਦਾ ਸੰਬੰਧ "ਕਰੋ" ਨਾਲ ਹੈ ਨਾ ਕਿ "ਰੱਛਾ" ਨਾਲ। ਇਸ ਕਰਕੇ ਛੋਟਾ ਬਿਸ਼ਰਾਮ "ਅਬ" ਤੋਂ ਬਾਅਦ ਹੈ। |
| ਸਿੱਖ ਉਬਾਰਿ, ਅਸਿੱਖ ਸੰਘਰੋ ॥ | | |
| ਦੁਸਟ ਜਿਤੇ ਉਠਵਤ ਉਤਪਾਤਾ ॥ | ਦੁਸ਼ਟ | |
| ਸਕਲ ਮਲੇਛ, ਕਰੋ ਰਣ ਘਾਤਾ ॥੨੦॥ | | ੧. "ਕਰੋ" ਤੇ ਬਿਸ਼ਰਾਮ ਲਾ ਕੇ "ਸਕਲ ਮਲੇਛ ਕਰੋ" ਪਾਠ ਕਰਨਾ ਅਸ਼ੁਧ ਹੈ ਕਿਉਂਕਿ ਇਸ ਤਰਾਂ ਪੰਕਤੀ ਦਾ ਅਰਥ ਬਣ ਜਾਵੇਗਾ "ਸਾਰਿਆਂ ਨੂੰ ਮਲੇਛ ਕਰੋ" ਜੋ ਕਿ ਬਿਲਕੁਲ ਗਲਤ ਹੈ। "ਕਰੋ" ਦਾ ਸੰਬੰਧ "ਘਾਤਾ" ਨਾਲ ਹੈ ਨਾ ਕਿ "ਮਲੇਛ" ਨਾਲ। ਪੰਕਤੀ ਦਾ ਅਰਥ ਹੈ -ਸਕਲ ਮਲੇਛਾਂ ਨੂੰ ਰਣ ਵਿਚ ਖਤਮ ਕਰੋ।<br>੨. ਪੰਕਤੀ ਦਾ ਅਨਵੈ ਹੈ - ਸਕਲ ਮਲੇਛ ਰਣ ਘਾਤਾ ਕਰੋ। |
| ਜੇ, ਅਸਿਧੁਜ, ਤਵ ਸਰਨੀ ਪਰੇ ॥ | ਸ਼ਰਨੀ | ੧. ਪੰਕਤੀ ਦਾ ਅਨਵੈ ਹੈ - ਅਸਿਧੁਜ, ਜੇ ਤਵ ਸਰਨੀ ਪਰੇ।<br>੨. ਪੰਕਤੀ ਦਾ ਭਾਵ ਹੈ - ਹੇ ਅਸਿਧੁਜ ਵਾਹਿਗੁਰੂ, ਜੋ ਤੇਰੀ ਸ਼ਰਨ ਵਿਚ ਪਏ ਹਨ। "ਜੇ" ਦਾ ਭਾਵ ਹੈ "ਜਿਹੜੇ" ਨਾ ਕਿ "ਜੇਕਰ"। |
| ਤਿਨ ਕੇ ਦੁਸਟ, ਦੁਖਿਤ ਹ੍ਵੈ ਮਰੇ ॥ | ਦੁਸ਼ਟ<br>ਹ੍ਵੈ - ਹੁਐ। | ਉਹਨਾਂ ਦੇ ਦੁਸ਼ਟ (ਵੈਰੀ) ਦੁਖੀ ਹੋ ਕੇ ਮਰੇ ਹਨ। |
| ਪੁਰਖ ਜਵਨ, ਪਗ ਪਰੇ ਤਿਹਾਰੇ ॥ | | |
| ਤਿਨ ਕੇ, ਤੁਮ, ਸੰਕਟ ਸਭ ਟਾਰੇ ॥੨੧॥ | | |
| ਜੋ, ਕਲਿ ਕੋ, ਇਕ ਬਾਰ ਧਿਐ ਹੈ ॥ | | |
| ਤਾ ਕੇ, ਕਾਲ ਨਿਕਟਿ ਨਹਿ ਐਹੈ ॥ | | |

# ਸੰਥਿਆ ਸ੍ਰੀ ਰਹਿਰਾਸ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਰੱਛਾ ਹੋਇ ਤਾਹਿ, ਸਭ ਕਾਲਾ ॥ | | ੧. "ਤਾਹਿ" ਦਾ ਅਰਥ ਹੈ ਉਸਦੀ। ਪੰਕਤੀ ਦਾ ਅਰਥ ਹੈ – ਉਸਦੀ ਰੱਛਾ ਸਭ ਸਮੇ ਹੁੰਦੀ ਹੈ॥<br>੨. "ਬਿਸ਼ਰਾਮ "ਤਾਹਿ" ਤੋਂ ਬਾਅਦ ਹੈ ਨਾ ਕਿ "ਹੋਇ" ਤੋਂ ਬਾਅਦ। |
| ਦੁਸਟ ਅਰਿਸਟ ਟਰੇਂ ਤਤਕਾਲਾ ॥੨੨॥ | ਦੁਸ਼ਟ, ਅਰਿਸ਼ਟ | |
| ਕ੍ਰਿਪਾਦ੍ਰਿਸਟਿ, ਤਨ ਜਾਹਿ ਨਿਹਰਿਹੋ ॥ | ਕ੍ਰਿਪਾਦ੍ਰਿਸ਼ਟਿ | |
| ਤਾ ਕੇ ਤਾਪ, ਤਨਕ ਮੋ ਹਰਿਹੋ ॥ | ਮੋਂ | ਇਥੇ "ਮੋ" ਦਾ ਅਰਥ ਹੈ "ਮਹਿ"। |
| ਰਿੱਧਿ ਸਿੱਧਿ ਘਰ ਮੋ ਸਭ ਹੋਈ ॥ | ਮੋਂ | ਇਥੇ "ਮੋ" ਦਾ ਅਰਥ ਹੈ "ਮਹਿ"। |
| ਦੁਸਟ ਛਾਹ ਛ੍ਵੈ ਸਕੈ ਨ ਕੋਈ ॥੨੩॥ | ਦੁਸ਼ਟ, ਛਾਂਹ<br>"ਛ੍ਵੈ" – ਛੁਐ। | ਅਰਥ – ਕੋਈ ਦੁਸ਼ਟ ਉਸਦੀ ਛਾਂ ਨੂੰ ਵੀ ਛੂ ਨਹੀਂ ਸਕਦਾ। |
| ਏਕ ਬਾਰ, ਜਿਨ, ਤੁਮੈ ਸੰਭਾਰਾ ॥ | | |
| ਕਾਲ ਫਾਸ ਤੇ, ਤਾਹਿ ਉਬਾਰਾ ॥ | ਫਾਂਸ | |
| ਜਿਨ ਨਰ, ਨਾਮ ਤਿਹਾਰੋ ਕਹਾ ॥ | | ਬਿਸ਼ਰਾਮ "ਨਰ" ਤੋਂ ਬਾਅਦ ਹੈ "ਨਾਮ" ਤੋਂ ਬਾਅਦ ਨਹੀਂ। ਪਾਠ "ਨਾਮ ਤਿਹਾਰੋ" ਇਕੱਠਾ ਉਠਾਉਣਾ ਹੈ। |
| ਦਾਰਿਦ, ਦੁਸਟ, ਦੋਖ ਤੇ ਰਹਾ ॥੨੪॥ | ਦੁਸ਼ਟ | |
| ਖੜਗਕੇਤ, ਮੈ ਸਰਣਿ ਤਿਹਾਰੀ ॥ | ਸ਼ਰਣਿ | |
| ਆਪ ਹਾਥ ਦੈ, ਲੇਹੁ ਉਬਾਰੀ ॥ | | |
| ਸਰਬ ਠੋਰ, ਮੋ ਹੋਹੁ ਸਹਾਈ ॥ | ਮੋਂ | "ਮੋਂ" ਦਾ ਇਥੇ ਅਰਥ ਹੈ "ਮੇਰੇ"– ਸਰਬ ਠੋਰ, ਮੇਰੇ ਸਹਾਈ ਹੋਣਾ ਜੀ। |
| ਦੁਸਟ ਦੋਖ ਤੇ, ਲੇਹੁ ਬਚਾਈ ॥੨੫॥ | ਦੁਸ਼ਟ | |
| ਸ੍ਵੈਯਾ ॥ | | |
| ਪਾਂਇ ਗਹੇ ਜਬ ਤੇ ਤੁਮਰੇ, ਤਬ ਤੇ, ਕੋਊ ਆਂਖ ਤਰੇ ਨਹੀਂ ਆਨ੍ਯੋ ॥ | ਆਨ੍ਯੋ – ਆਨਿਓ | |
| ਰਾਮ ਰਹੀਮ ਪੁਰਾਨ ਕੁਰਾਨ, ਅਨੇਕ ਕਹੈਂ ਮਤ, ਏਕ ਨ ਮਾਨ੍ਯੋ ॥ | ਮਾਨ੍ਯੋ – ਮਾਨਿਓ | ੧. "ਮਤ" ਤੇ ਬਿਸ਼ਰਾਮ ਹੈ। "ਮਤ ਏਕ ਨਾ ਮਾਨ੍ਯੋ" ਪਾਠ ਨਹੀਂ ਕਰਨਾ ਚਾਹੀਦਾ।<br>੨. "ਮਤ" ਦਾ ਭਾਵ ਹੈ ਧਰਮ। |
| ਸਿੰਮ੍ਰਿਤਿ ਸਾਸਤ੍ਰ ਬੇਦ ਸਭੈ, ਬਹੁ ਭੇਦ ਕਹੈਂ, ਹਮ ਏਕ ਨ ਜਾਨ੍ਯੋ ॥ | ਸ਼ਾਸਤ੍ਰ<br>ਜਾਨ੍ਯੋ – ਜਾਨਿਓ | |

# ਸੰਥਿਆ ਸ੍ਰੀ ਰਹਿਰਾਸ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਸ੍ਰੀ ਅਸਿਪਾਨ, ਕ੍ਰਿਪਾ ਤੁਮਰੀ ਕਰਿ, ਮੈ ਨ ਕਹਯੋ, ਸਭ ਤੋਹਿ ਬਖਾਨਯੋ ॥ | ਮੈਂ, ਕਹਯੋ – ਕਹਿਓ; ਬਖਾਨਯੋ – ਬਖਾਨਿਓ | |
| ਦੋਹਰਾ ॥ | | |
| ਸਗਲ ਦੁਆਰ ਕਉ ਛਾਡਿ ਕੈ, ਗਹਿਓ ਤੁਹਾਰੋ ਦੁਆਰ ॥ | | |
| ਬਾਂਹਿ ਗਹੇ ਕੀ ਲਾਜ ਅਸ, ਗੋਬਿੰਦ ਦਾਸ ਤੁਹਾਰ ॥ | | |
| ੴ ਸਤਿਗੁਰਪ੍ਰਸਾਦਿ॥ | | ਪੁਰਾਤਨ ਬਹੁਤ ਸਰੂਪਾਂ ਵਿਚ ਮੰਗਲ ਪਹਿਲਾਂ ਹੈ। |
| ਰਾਮਕਲੀ, ਮਹਲਾ ੩, ਅਨੰਦੁ | | |
| ਅਨੰਦੁ ਭਇਆ, ਮੇਰੀ ਮਾਏ, ਸਤਿਗੁਰੂ ਮੈ ਪਾਇਆ ॥ | ਮੈਂ | |
| ਸਤਿਗੁਰੁ ਤ ਪਾਇਆ, ਸਹਜ ਸੇਤੀ, ਮਨਿ ਵਜੀਆ ਵਾਧਾਈਆ ॥ | ਵਜੀਆਂ, ਵਾਧਾਈਆਂ | ਨਾਸਕੀ ਉਚਾਰਨ: ਵਜੀਆ – ਬਹੁਵਚਨ ਕਿਰਿਆ; ਵਾਧਾਈਆਂ – ਵਾਧਾਈ ਦਾ ਬਹੁਵਚਨ। |
| ਰਾਗ ਰਤਨ ਪਰਵਾਰ ਪਰੀਆ, ਸਬਦ ਗਾਵਣ ਆਈਆ ॥ | ਪਰੀਆਂ, ਆਈਆਂ, ਸ਼ਬਦ | ਨਾਸਕੀ ਉਚਾਰਨ: ਆਈਆਂ – ਬਹੁਵਚਨ ਕਿਰਿਆ; ਪਰੀਆ – ਪਰੀ ਦਾ ਬਹੁਵਚਨ। |
| ਸਬਦੋ ਤ ਗਾਵਹੁ ਹਰੀ ਕੇਰਾ, ਮਨਿ ਜਿਨੀ ਵਸਾਇਆ ॥ | ਸ਼ਬਦੋ, ਜਿਨੀਂ | |
| ਕਹੈ ਨਾਨਕੁ, ਅਨੰਦੁ ਹੋਆ, ਸਤਿਗੁਰੂ ਮੈ ਪਾਇਆ ॥੧॥ | ਮੈਂ | |
| ਏ ਮਨ ਮੇਰਿਆ, ਤੂ ਸਦਾ ਰਹੁ, ਹਰਿ ਨਾਲੇ ॥ | | |
| ਹਰਿ ਨਾਲਿ ਰਹੁ ਤੂ, ਮੰਨ ਮੇਰੇ, ਦੂਖ ਸਭਿ ਵਿਸਾਰਣਾ ॥ | | |
| ਅੰਗੀਕਾਰੁ ਓਹੁ ਕਰੇ ਤੇਰਾ, ਕਾਰਜ ਸਭਿ ਸਵਾਰਣਾ ॥ | | |
| ਸਭਨਾ ਗਲਾ ਸਮਰਥੁ ਸੁਆਮੀ, ਸੋ ਕਿਉ ਮਨਹੁ ਵਿਸਾਰੇ ॥ | ਸਭਨਾਂ, ਗਲਾਂ, ਕਿਉਂ, ਮਨਹੁੰ, ਵਿਸਾਰੇਂ | ਸੋ ਕਿਉ ਮਨਹੁ ਵਿਸਾਰੇ – ਉਸ ਨੂੰ ਕਿਉਂ ਮਨ ਵਿਚੋਂ ਵਿਸਾਰਦਾ ਹੈਂ। |
| ਕਹੈ ਨਾਨਕੁ, ਮੰਨ ਮੇਰੇ, ਸਦਾ ਰਹੁ, ਹਰਿ ਨਾਲੇ ॥੨॥ | | |
| ਸਾਚੇ ਸਾਹਿਬਾ, ਕਿਆ ਨਾਹੀ ਘਰਿ ਤੇਰੈ ॥ | ਨਾਹੀਂ | |
| ਘਰਿ ਤ ਤੇਰੈ ਸਭੁ ਕਿਛੁ ਹੈ, ਜਿਸੁ ਦੇਹਿ, ਸੁ ਪਾਵਏ ॥ | ਦੇਹਿਂ | ਜਿਸੁ ਦੇਹਿ: ਜਿਸਨੋ ਤੂੰ ਦੇਵੇਂ |
| ਸਦਾ ਸਿਫਤਿ ਸਲਾਹ ਤੇਰੀ, ਨਾਮੁ ਮਨਿ ਵਸਾਵਏ ॥ | | |
| ਨਾਮੁ ਜਿਨ ਕੈ ਮਨਿ ਵਸਿਆ, ਵਾਜੇ ਸਬਦ ਘਨੇਰੇ ॥ | | |
| ਕਹੈ ਨਾਨਕੁ, ਸਚੇ ਸਾਹਿਬ, ਕਿਆ ਨਾਹੀ ਘਰਿ ਤੇਰੈ ॥੩॥ | ਨਾਹੀਂ | |
| ਸਾਚਾ ਨਾਮੁ, ਮੇਰਾ ਆਧਾਰੋ ॥ | | |
| ਸਾਚੁ ਨਾਮੁ ਅਧਾਰੁ ਮੇਰਾ, ਜਿਨਿ ਭੁਖਾ ਸਭਿ ਗਵਾਈਆ ॥ | ਭੁਖਾਂ, ਗਵਾਈਆਂ | ਭੁਖਾਂ – ਭੁਖ ਦਾ ਬਹੁਵਚਨ; ਗਾਵਾਈਆਂ – ਬਹੁਵਚਨ ਕਿਰਿਆ। |

# ਸੰਥਿਆ ਸ੍ਰੀ ਰਹਿਰਾਸ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਕਰਿ ਸਾਂਤਿ ਸੁਖ, ਮਨਿ ਆਇ ਵਸਿਆ, ਜਿਨਿ ਇਛਾ ਸਭਿ ਪੁਜਾਈਆ ॥ | ਸ਼ਾਂਤਿ, ਇਛਾਂ, ਪੁਜਾਈਆਂ | ੧. ਇਛਾ - ਇਛਾ ਦਾ ਬਹੁਵਚਨ;<br>੨. ਮਨ ਨੂੰ ਸ਼ਾਂਤੀ ਤੇ ਸੁਖ ਪ੍ਰਦਾਨ ਕਰਕੇ ਮਨ ਵਿਚ ਆਏ ਵਸਿਆ। ਸੋ ਬਿਸ਼ਰਾਮ "ਸੁਖ" ਤੇ ਹੈ ਨਾ ਕਿ "ਮਨਿ" ਤੇ। |
| ਸਦਾ ਕੁਰਬਾਣੁ ਕੀਤਾ, ਗੁਰੂ ਵਿਟਹੁ, ਜਿਸ ਦੀਆ ਏਹਿ ਵਡਿਆਈਆ ॥ | ਵਿਟਹੁਂ, ਵਡਿਆਈਆਂ | |
| ਕਹੈ ਨਾਨਕੁ, ਸੁਣਹੁ ਸੰਤਹੁ, ਸਬਦਿ ਧਰਹੁ ਪਿਆਰੋ ॥ | ਸ਼ਬਦਿ | ਸ਼ਬਦਿ ਧਰਹੁ ਪਿਆਰੋ - ਸ਼ਬਦ ਨਾਲ ਪਿਆਰ ਧਰੋ। |
| ਸਾਚਾ ਨਾਮੁ, ਮੇਰਾ ਆਧਾਰੋ ॥੪॥ | | |
| ਵਾਜੇ ਪੰਚ ਸਬਦ, ਤਿਤੁ ਘਰਿ ਸਭਾਗੈ ॥ | ਸ਼ਬਦ | |
| ਘਰਿ ਸਭਾਗੈ, ਸਬਦ ਵਾਜੇ, ਕਲਾ ਜਿਤੁ ਘਰਿ ਧਾਰੀਆ ॥ | ਸ਼ਬਦ | ੧. '"ਕਲਾ" ਇਥੇ ਇਕ ਵਚਨ ਨਾਂਵ ਹੈ ਇਸ ਕਰਕੇ ਧਾਰੀਆ ਦਾ ਉਚਾਰਨ ਧਾਰੀਆਂ ਨਹੀਂ ਹੈ।<br>੨. "ਸਭਾਗੈ" ਦਾ ਉਚਾਰਨ "ਸੁਭਾਗੇ" ਕਰਨਾ ਅਸ਼ੁਧ ਹੈ। |
| ਪੰਚ ਦੂਤ, ਤੁਧੁ ਵਸਿ ਕੀਤੇ, ਕਾਲੁ ਕੰਟਕੁ ਮਾਰਿਆ ॥ | | |
| ਧੁਰਿ ਕਰਮਿ ਪਾਇਆ, ਤੁਧੁ ਜਿਨ ਕਉ, ਸਿ, ਨਾਮਿ ਹਰਿ ਕੈ ਲਾਗੇ ॥ | | |
| ਕਹੈ ਨਾਨਕੁ, ਤਹ ਸੁਖੁ ਹੋਆ, ਤਿਤੁ ਘਰਿ ਅਨਹਦ ਵਾਜੇ ॥੫॥ | ਤਹਂ | ਤਹ ਅਸਲ ਵਿਚ "ਤਹਾਂ" ਦਾ ਛੋਟਾ ਰੁਪ ਹੈ ਤੇ ਇਸਦਾ "ਹ" ਬਿੰਦੇ ਸਹਿਤ ਉਠਦਾ ਹੈ। |
| ਅਨਦੁ ਸੁਣਹੁ, ਵਡਭਾਗੀਹੋ, ਸਗਲ ਮਨੋਰਥ ਪੂਰੇ ॥ | ਅਨੰਦੁ | ੧. ਪੁਰਾਤਨ ਸਰੂਪਾਂ ਵਿਚ ਪਾਠ "ਅਨੰਦੁ" ਟਿਪੀ ਨਾਲ ਹੈ ਤੇ ਸ਼ੁਧ ਪਾਠ ਅਨੰਦ ਹੀ ਹੈ।<br>੨. "ਵਡਭਾਗੀਹੋ" ਸੰਬੋਧਨ ਕਾਰਕ ਵਿਚ ਹੈ, ਇਸ ਕਰਕੇ ਇਸ ਨੂੰ ਅਲਗ ਉਠਾਉਣਾ ਹੈ ਭਾਵ ਇਸ ਦੇ ਅੱਗੇ ਪਿੱਛੇ ਬਿਸ਼ਰਾਮ ਹੈ। |
| ਪਾਰਬ੍ਰਹਮੁ ਪ੍ਰਭੁ ਪਾਇਆ, ਉਤਰੇ ਸਗਲ ਵਿਸੂਰੇ ॥ | | |
| ਦੂਖ ਰੋਗ ਸੰਤਾਪ ਉਤਰੇ, ਸੁਣੀ ਸਚੀ ਬਾਣੀ ॥ | | |
| ਸੰਤ ਸਾਜਨ ਭਏ ਸਰਸੇ, ਪੂਰੇ ਗੁਰ ਤੇ ਜਾਣੀ ॥ | ਸਰੱਸੇ | ਸ-ਰਸੇ - ਰੱਸ ਨਾਲ ਭਰੇ। |
| ਸੁਣਤੇ ਪੁਨੀਤ, ਕਹਤੇ ਪਵਿਤੁ, ਸਤਿਗੁਰੁ ਰਹਿਆ ਭਰਪੂਰੇ ॥ | | |
| ਬਿਨਵੰਤਿ ਨਾਨਕੁ, ਗੁਰ ਚਰਣ ਲਾਗੇ, ਵਾਜੇ ਅਨਹਦ ਤੂਰੇ ॥੪੦॥੧॥ | | |
| ਮੁੰਦਾਵਣੀ ਮਹਲਾ ੫ ॥ | | |
| ਥਾਲ ਵਿਚਿ, ਤਿੰਨਿ ਵਸਤੂ ਪਈਓ, ਸਤੁ ਸੰਤੋਖੁ ਵੀਚਾਰੋ ॥ | | |
| ਅੰਮ੍ਰਿਤ ਨਾਮੁ ਠਾਕੁਰ ਕਾ ਪਇਓ, ਜਿਸ ਕਾ ਸਭਸੁ ਅਧਾਰੋ ॥ | | |

# ਸੰਥਿਆ ਸ੍ਰੀ ਰਹਿਰਾਸ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਜੇ ਕੋ ਖਾਵੈ, ਜੇ ਕੋ ਭੁੰਚੈ, ਤਿਸ ਕਾ ਹੋਇ ਉਧਾਰੋ ॥ | | |
| ਏਹ ਵਸਤੁ ਤਜੀ ਨਹ ਜਾਈ, ਨਿਤ ਨਿਤ ਰਖੁ ਉਰਿਧਾਰੋ ॥ | | |
| ਤਮ ਸੰਸਾਰੁ, ਚਰਨ ਲਗਿ ਤਰੀਐ, ਸਭੁ ਨਾਨਕ ਬ੍ਰਹਮ ਪਸਾਰੋ ॥੧॥ | | "ਤਮ" ਦਾ ਉਚਾਰਨ ਕਈ ਗਲਤੀ ਨਾਲ "ਤੁਮ" ਕਰਦੇ ਹਨ ਜੋ ਕਿ ਬਹੁਤ ਅਸ਼ੁਧ ਉਚਾਰਨ ਹੈ। |
| **ਸਲੋਕ ਮਹਲਾ ੫ ॥** | | |
| ਤੇਰਾ ਕੀਤਾ ਜਾਤੋ ਨਾਹੀ, ਮੈਨੋ ਜੋਗੁ ਕੀਤੋਈ ॥ | ਨਾਹੀਂ, ਕੀੱਤੋਈ | |
| ਮੈ ਨਿਰਗੁਣਿਆਰੇ, ਕੋ ਗੁਣੁ ਨਾਹੀ, ਆਪੇ ਤਰਸੁ ਪਇਓਈ ॥ | ਮੈਂ, ਨਾਹੀਂ | ਬਿਸ਼ਰਾਮ "ਨਿਰਗੁਣਿਆਰੇ" ਤੋਂ ਬਾਅਦ ਹੈ ਨਾ ਕਿ "ਕੋ" ਤੋਂ ਬਾਅਦ। "ਕੋ" ਦਾ ਅਰਥ ਹੈ "ਕੋਈ" ਨਾ ਕਿ "ਨੂੰ"। |
| ਤਰਸੁ ਪਇਆ ਮਿਹਰਾਮਤਿ ਹੋਈ, ਸਤਿਗੁਰੁ ਸਜਣੁ ਮਿਲਿਆ ॥ | | "ਮਿਹਰਾਮਤਿ" ਦਾ ਉਚਾਰਨ "ਮਿਹਰਹਿਮਤ" ਨਹੀਂ ਕਰਨਾ। |
| ਨਾਨਕ, ਨਾਮੁ ਮਿਲੈ ਤਾਂ ਜੀਵਾਂ, ਤਨੁ ਮਨੁ ਥੀਵੈ ਹਰਿਆ ॥੧॥ | | |
| **ਪਉੜੀ ॥** | | |
| ਤਿਥੈ ਤੂ ਸਮਰਥੁ, ਜਿਥੈ ਕੋਇ ਨਾਹਿ ॥ | ਨਾਹਿਂ | |
| ਓਥੈ ਤੇਰੀ ਰਖ, ਅਗਨੀ ਉਦਰ ਮਾਹਿ ॥ | ਰੱਖ, ਮਾਹਿਂ | |
| ਸੁਣਿ ਕੈ ਜਮ ਕੇ ਦੂਤ, ਨਾਇ ਤੇਰੈ, ਛਡਿ ਜਾਹਿ ॥ | ਨਾਂਇ, ਜਾਹਿਂ | |
| ਭਉਜਲੁ ਬਿਖਮੁ ਅਸਗਾਹੁ, ਗੁਰ ਸਬਦੀ ਪਾਰਿ ਪਾਹਿ ॥ | ਸ਼ਬਦੀ, ਪਾਹਿਂ | |
| ਜਿਨ ਕਉ ਲਗੀ ਪਿਆਸ, ਅੰਮ੍ਰਿਤੁ ਸੇਇ ਖਾਹਿ ॥ | ਖਾਹਿਂ | "ਸੇਇ" ਦਾ ਉਚਾਰਨ "ਸੇਈ" ਨਹੀਂ ਕਰਨਾ। ਇੜੀ ਤੇ ਸਿਹਾਰੀ ਉਚਾਰਨੀ ਹੈ, ਬਿਹਾਰੀ ਨਹੀਂ। |
| ਕਲਿ ਮਹਿ ਏਹੋ ਪੁੰਨੁ, ਗੁਣ ਗੋਵਿੰਦ ਗਾਹਿ ॥ | ਗਾਹਿਂ | |
| ਸਭਸੈ ਨੋ ਕਿਰਪਾਲੁ, ਸਮ੍ਹਾਲੇ ਸਾਹਿ ਸਾਹਿ ॥ | | |
| ਬਿਰਥਾ ਕੋਇ ਨ ਜਾਇ, ਜਿ ਆਵੈ ਤੁਧੁ ਆਹਿ ॥੯॥ | | |
| **ਸਲੋਕੁ ਮਃ ੫ ॥** | | |
| ਅੰਤਰਿ ਗੁਰੁ ਆਰਾਧਣਾ, ਜਿਹਵਾ ਜਪਿ ਗੁਰ ਨਾਉ ॥ | ਨਾਉਂ | |
| ਨੇਤ੍ਰੀ ਸਤਿਗੁਰੁ ਪੇਖਣਾ, ਸ੍ਰਵਣੀ ਸੁਨਣਾ ਗੁਰ ਨਾਉ ॥ | ਨੇਤ੍ਰੀਂ, ਸ੍ਰਵਣੀਂ, ਨਾਂਉ | |
| ਸਤਿਗੁਰ ਸੇਤੀ ਰਤਿਆ, ਦਰਗਹ ਪਾਈਐ ਠਾਉ ॥ | ਰਤਿਆਂ, ਠਾਂਉ | ਰਤਿਆ – ਰੱਤਣ ਕਰਕੇ, |
| ਕਹੁ ਨਾਨਕ ਕਿਰਪਾ ਕਰੇ, ਜਿਸ ਨੋ ਏਹ ਵਥੁ ਦੇਇ ॥ | | |
| ਜਗ ਮਹਿ ਉਤਮ ਕਾਢੀਅਹਿ, ਵਿਰਲੇ ਕੇਈ ਕੇਇ ॥੧॥ | ਕਾਂਢੀਅਹਿਂ | |
| **ਮਃ ੫ ॥** | | |

# ਸੰਥਿਆ ਸ੍ਰੀ ਰਹਿਰਾਸ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਰਖੇ ਰਖਣਹਾਰਿ, ਆਪਿ ਉਬਾਰਿਅਨੁ ॥ | | |
| ਗੁਰ ਕੀ ਪੈਰੀ ਪਾਇ, ਕਾਜ ਸਵਾਰਿਅਨੁ ॥ | ਪੈਰੀਂ | |
| ਹੋਆ ਆਪਿ ਦਇਆਲੁ, ਮਨਹੁ ਨ ਵਿਸਾਰਿਅਨੁ ॥ | ਮਨਹੁਂ | |
| ਸਾਧ ਜਨਾ ਕੈ ਸੰਗਿ, ਭਵਜਲੁ ਤਾਰਿਅਨੁ ॥ | ਜਨਾਂ | |
| ਸਾਕਤ ਨਿੰਦਕ ਦੁਸਟ, ਖਿਨ ਮਾਹਿ ਬਿਦਾਰਿਅਨੁ ॥ | ਦੁਸ਼ਟ, ਮਾਹਿਂ | |
| ਤਿਸੁ ਸਾਹਿਬ ਕੀ ਟੇਕ, ਨਾਨਕ ਮਨੈ ਮਾਹਿ ॥ | ਮਾਹਿਂ | |
| ਜਿਸੁ ਸਿਮਰਤ ਸੁਖੁ ਹੋਇ, ਸਗਲੇ ਦੂਖ ਜਾਹਿ ॥੨॥ | ਜਾਹਿਂ | "ਜਾਹਿ" ਅਨਪੁਰਖ ਬਹੁਵਚਨ ਕਿਰਿਆ ਹੈ। |